(ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਮਾਨਤਾ ਪ੍ਰਾਪਤ)

# ਜਸਮੇਰ ਸਿੰਘ ਜੇਜੀ ਕਾਲਜ

ਗੁਰਨੇ ਕਲਾਂ (ਸੰਗਰੂਰ) ਪੰਜਾਬ

# Prospectus

## Session 2025-26

JASMER SINGH JAIJEE COLLEGE GURNEY KALAN SANGRUR Pb.

ਮਿਟੀ ਧੁੰਧ ਜਗਿ ਚਾਨਣੁ ਹੋਆ

From Darkness Unto Light

JSJ

## JASMER SINGH JAIJEE COLLEGE

**GURNEY KALAN (SANGRUR) PB.**

98723-24868, 84272-94700, 94171-04135
98550-33272, 94171-86111, 97791-31050
www.jasmersinghjaijeecollege.com
jasmersinghjaijeecollege@gmail.com

Rs. 200/-

# Baba Nanak Educational Society Chandigarh

**"Baba Nanak Educational Society"** is a Non-profit, Non-Sectarian, and Non-Political Charitable Organization registered under the Societies Registration Act. Baba Nanak Educational Society serves the villages of the extreme southeastern corner of Punjab. Moonak and Lehra Sub-Divisons of District Sangrur and Budhlada Sub-Division of District Mansa are situated at the heart of an economically depressed region suffering from indebtedness and the highest rate of rural suicide in India.

## The Society is active in three areas :-

Ensuring that sons and daughters of suicide victims stay in school by financially assisting their families, providing higher education up to the Post-Graduation level to a distressed area through our College (there was no College before ours in the sub divisions of Lehra & Moonak) and provide vocational education to the girls who are unable to go in for college education, with the active participation of Kabliji Memorial Trust, New Delhi. The College is running B.A., B.Com., B.C.A. Courses & has now been upgraded to post-graduate level by adding M.A. Pbi., M.Com, PGDCA, MSc. (IT), M.Sc. (Lateral Entry).

The College was the Dream Project of **Mrs. Daljit Jaijee I.A.S.** and was founded by **Late. Aman Sidhu,** her daughter and received substantial financial help from my brother **Sardar Jasmer Singh Jaijee.** The College has been named after Sardar Jasmer Singh Jaijee in gratitude for his support to Baba Nanak Educational Society.

## ਬਾਬਾ ਨਾਨਕ ਐਜੂਕੇਸ਼ਨਲ ਸੁਸਾਇਟੀ, ਚੰਡੀਗੜ੍ਹ

ਬਾਬਾ ਨਾਨਕ ਐਜੂਕੇਸ਼ਨਲ ਸੁਸਾਇਟੀ :- ਸੁਸਾਇਟੀਜ਼ ਐਕਟ ਅਧੀਨ ਰਜਿਸਟਰਡ ਇੱਕ ਗੈਰ-ਮੁਨਾਫ਼ਾ, ਭੇਦ-ਭਾਵ ਤੋਂ ਮੁਕਤ ਅਤੇ ਗੈਰ-ਰਾਜਨੀਤਿਕ ਚੈਰੀਟੇਬਲ ਸੰਸਥਾ ਹੈ ਜਿਹੜੀ ਪੰਜਾਬ ਦੇ ਬਿਲਕੁਲ ਦੱਖਣੀ-ਪੂਰਬੀ ਕੋਨੇ ਤੇ ਸਥਿਤ ਆਰਥਿਕ ਮੰਦਹਾਲੀ ਨਾਲ ਜੂਝ ਰਹੇ, ਜ਼ਿਲ੍ਹਾ ਸੰਗਰੂਰ ਦੀ ਤਹਿ. ਮੂਨਕ ਅਤੇ ਲਹਿਰਾ, ਮਾਨਸਾ ਜ਼ਿਲ੍ਹੇ ਦੀ ਤਹਿ. ਬੁਢਲਾਡਾ ਦੇ ਕਰਜ਼ੇ ਦੀ ਮਾਰ ਹੇਠ ਆਏ, ਭਾਰਤ ਵਿੱਚ ਸਭ ਤੋਂ ਵੱਧ ਆਤਮ-ਹੱਤਿਆਵਾਂ ਕਰ ਰਹੇ ਕਿਸਾਨਾਂ ਵਾਲੇ ਖੇਤਰ ਦੇ ਪਿੰਡਾਂ ਦੀ ਭਲਾਈ ਦੇ ਕਾਰਜਾਂ ਵਿੱਚ ਲੱਗੀ ਹੋਈ ਹੈ।

## ਬਾਬਾ ਨਾਨਕ ਐਜੂਕੇਸ਼ਨਲ ਸੁਸਾਇਟੀ ਤਿੰਨ ਖੇਤਰਾਂ ਵਿੱਚ ਕੰਮ ਕਰ ਰਹੀ ਹੈ।

ਸੁਸਾਇਟੀ ਯਕੀਨੀ ਬਣਾਉਂਦੀ ਹੈ ਕਿ ਆਤਮ-ਹੱਤਿਆ ਤੋਂ ਪ੍ਰਭਾਵਿਤ ਪਰਿਵਾਰਾਂ ਦੇ ਸਕੂਲ ਵਿੱਚ ਪੜ੍ਹਦੇ ਬੱਚਿਆਂ ਦੀ ਪੜ੍ਹਾਈ ਵਿੱਚ ਕੋਈ ਵਿਘਨ ਨਾ ਪਵੇ ਤੇ ਸਕੂਲੀ ਵਿੱਦਿਆ ਤੋਂ ਬਾਅਦ ਉਹ ਸੁਸਾਇਟੀ ਵੱਲੋਂ ਚਲਾਏ ਜਾ ਰਹੇ ਜਸਮੇਰ ਸਿੰਘ ਜੇਜੀ ਕਾਲਜ (ਇਸ ਕਾਲਜ ਤੋਂ ਪਹਿਲਾਂ ਲਹਿਰਾ, ਮੂਨਕ ਸਬ-ਡਵੀਜ਼ਨ ਵਿੱਚ ਕੋਈ ਕਾਲਜ ਨਹੀਂ ਸੀ) ਵਿੱਚ ਉੱਚ ਵਿੱਦਿਆ ਹਾਸਲ ਕਰ ਸਕਣ। ਕਾਲਜ ਵਿੱਚ ਇਸ ਵੇਲੇ ਬੀ.ਏ., ਬੀ.ਕਾਮ., ਐੱਮ ਕਾਮ, ਬੀ.ਸੀ.ਏ. ਦੀਆਂ ਡਿਗਰੀ ਕਲਾਸਾਂ ਤੋਂ ਇਲਾਵਾਂ ਐਮ.ਏ. ਪੰਜਾਬੀ, ਐਮ.ਐਸ.ਸੀ. (ਆਈ.ਟੀ.) ਐਮ. ਐਸ. ਸੀ. (ਲੇਟਰਲ ਐਂਟਰੀ), ਐਮ. ਕਾਮ, ਪੀ.ਜੀ.ਡੀ.ਸੀ.ਏ. ਦੇ ਪੋਸਟ ਗ੍ਰੈਜੂਏਟ ਕੋਰਸਜ਼ ਚੱਲ ਰਹੇ ਹਨ।

ਸੈਸ਼ਨ 2021-22 ਤੋਂ ਕਾਲਜ ਵਿੱਚ ਗਿਆਰਵੀਂ ਅਤੇ ਬਾਰ੍ਹਵੀਂ ਦੀਆਂ ਆਰਟਸ ਅਤੇ ਕਾਮਰਸ ਗਰੁੱਪ ਦੀਆਂ ਕਲਾਸਾਂ ਸ਼ੁਰੂ ਕੀਤੀਆਂ ਗਈਆਂ ਹਨ ਜੋ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਤੋਂ ਮਾਨਤਾ ਪ੍ਰਾਪਤ ਹੈ ਅਤੇ ਸੈਸ਼ਨ 2025-26 ਤੋਂ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਤੋਂ LSC ਦੀ ਮਾਨਤਾ ਮਿਲੀ ਹੋਈ ਹੈ।

ਇਹ ਕਾਲਜ ਸ਼੍ਰੀਮਤੀ ਦਲਜੀਤ ਜੇਜੀ ਦਾ ਸੁਪਨਾ ਸੀ ਅਤੇ ਉਹਨਾਂ ਦੀ ਬੇਟੀ ਸਵਰਗੀ ਅਮਨ ਸਿੱਧੂ ਨੇ ਇਸ ਕਾਲਜ ਦੀ ਸਥਾਪਨਾ ਕੀਤੀ ਜਿਸ ਮਕਸਦ ਲਈ ਮੇਰੇ ਭਰਾ ਸ: ਜਸਮੇਰ ਸਿੰਘ ਜੇਜੀ ਨੇ ਬੜੀ ਖੁਲ੍ਹਦਿਲੀ ਨਾਲ ਮਾਇਕ ਸਹਾਇਤਾ ਦਿੱਤੀ, ਇਸ ਲਈ ਉਹਨਾਂ ਦੀ ਸਹਾਇਤਾ ਦੇ ਸ਼ੁਕਰਾਨੇ ਵਜੋਂ ਕਾਲਜ ਦਾ ਨਾਂ ਜਸਮੇਰ ਸਿੰਘ ਜੇਜੀ ਕਾਲਜ ਰੱਖਿਆ ਗਿਆ ਹੈ।

**S. INDERJIT SINGH JAIJEE**
**CHAIRMAN**



**Late S. Jasmer Singh Jaijee**
Our College is dedicated to
Sweet Memory of



**Late Mrs. Aman Sidhu**
(Founder of the College)



**S. Inderjit Singh Jaijee**
(Chairman Baba Nanak Educational
Society Chandigarh)



**Mrs. Harman Jaijee**
(Director)

## ਸੰਦੇਸ਼



## ਪ੍ਰਿੰਸੀਪਲ ਅਮਨਦੀਪ ਸਿੰਘ

ਪਿਆਰੇ ਵਿਦਿਆਰਥੀਓ ਵਿੱਦਿਆ ਮਨੁੱਖ ਦਾ ਤੀਜਾ ਨੇਤਰ ਹੈ। ਸਹੀ ਵਿੱਦਿਆ ਪ੍ਰਾਪਤ ਕਰਨ ਵਾਲਾ ਵਿਅਕਤੀ ਹੀ ਇੱਕ ਚੰਗੇ ਸਮਾਜ ਦੀ ਸਿਰਜਣਾ ਕਰ ਸਕਦਾ ਹੈ। ਇਕ ਸਿੱਖਿਅਤ ਵਿਅਕਤੀ ਦੀ ਸੋਚ ਨਕਾਰਾਤਮਕ ਵਿਚਾਰਾਂ ਤੋਂ ਉਪਰ ਉੱਠ ਕੇ ਸਕਾਰਾਤਮਕ ਬਣ ਜਾਂਦੀ ਹੈ । ਇਹ ਸੋਚ ਸਮਾਜ ਨੂੰ ਵਧੀਆ ਦਿਸ਼ਾ ਵਿੱਚ ਲੈ ਕੇ ਜਾਂਦੀ ਹੈ । ਉਹ ਵਿਦਿਆਰਥੀ ਬਹੁਤ ਹੀ ਖੁਸ਼ ਕਿਸਮਤ ਹਨ, ਜੋ ਇਸ ਕਾਲਜ ਵਿੱਚ ਦਾਖਲਾ ਲੈ ਕੇ ਆਪਣਾ ਸਿੱਖਿਆ ਰੂਪੀ ਗਹਿਣਾ ਪ੍ਰਾਪਤ ਕਰਨਾ ਚਾਹੁੰਦੇ ਹਨ, ਸਿੱਖਿਆ ਇੱਕ ਅਜਿਹਾ ਗਹਿਣਾ ਹੈ ਜਿਸ ਨੂੰ ਕੋਈ ਕਦੇ ਵੀ ਤੁਹਾਡੇ ਕੋਲੋਂ ਖੋਹ ਨਹੀਂ ਸਕਦਾ, ਅੱਜ ਸਾਡੀ ਜ਼ਿੰਦਗੀ ਰੁਝੇਵਿਆਂ ਨਾਲ ਭਰ ਚੁੱਕੀ ਹੈ, ਸਿੱਖਿਆ ਪ੍ਰਾਪਤ ਕਰਕੇ ਹੀ ਵਿਅਕਤੀ ਇਹਨਾਂ ਰੁਝੇਵਿਆਂ ਅਤੇ ਮੁਸ਼ਕਲਾਂ ਤੋਂ ਛੁਟਕਾਰਾ ਪਾ ਸਕਦਾ ਹੈ ਅਤੇ ਵਧੀਆ ਜੀਵਨ ਬਤੀਤ ਕਰ ਸਕਦਾ ਹੈ।

ਅੱਜ ਦਾ ਸਮਾਂ ਬਹੁਤ ਹੀ ਤੇਜ ਰਫਤਾਰ ਨਾਲ ਲੰਘ ਰਿਹਾ ਹੈ। ਅੱਜ ਆਪਣੇ ਆਪ ਨੂੰ ਸਮੇਂ ਦੀ ਰਫਤਾਰ ਨਾਲ ਚਲਦੇ ਰੱਖਣਾ ਜ਼ਰੂਰੀ ਹੈ, ਸਮੇਂ ਦੇ ਨਾਲ ਨਾਲ ਆਪਣੇ ਆਪ ਨੂੰ ਅਪਡੇਟ ਰੱਖਣਾ ਚਾਹੀਦਾ ਹੈ, ਅੱਜ ਟੈਕਨੋਲਜੀ ਦਾ ਯੁਗ ਹੈ । ਹਰ ਇਕ ਇਨਸਾਨ ਲਈ ਸਿੱਖਿਆ ਦੇ ਨਾਲ ਨਾਲ ਟੈਕਨੋਲਜੀ ਬਾਰੇ ਜਾਣਕਾਰੀ ਰੱਖਣਾ ਵੀ ਬਹੁਤ ਜਰੂਰੀ ਹੈ । ਮੋਬਾਈਲ ਅਤੇ ਇੰਟਰਨੈਟ ਨੇ ਮਨੁੱਖੀ ਜ਼ਿੰਦਗੀ ਨੂੰ ਬਹੁਤ ਬਦਲ ਕੇ ਰੱਖ ਦਿੱਤਾ ਹੈ । ਜਿੱਥੇ ਸਾਨੂੰ ਇਸ ਟੈਕਨੋਲਜੀ ਦੇ ਲਾਭ ਹਨ ਇਸ ਦੇ ਨਾਲ ਹੀ ਸਾਨੂੰ ਇਸਦੇ ਨੁਕਸਾਨ ਵੀ ਹਨ। ਇਸ ਬਾਰੇ ਸਮਝ ਰੱਖਣੀ ਵੀ ਸਾਡੇ ਲਈ ਬਹੁਤ ਜਰੂਰੀ ਹੈ।

ਸਾਨੂੰ ਕਦੇ ਵੀ ਇਹ ਨਹੀਂ ਸੋਚਣਾ ਚਾਹੀਦਾ ਕਿ ਹੁਣ ਅਸੀਂ ਬਹੁਤ ਕੁਝ ਸਿੱਖ ਚੁੱਕੇ ਹਾਂ, ਹੁਣ ਅਸੀਂ ਮਾਹਰ ਬਣ ਚੁੱਕੇ ਹਾਂ, ਸਿੱਖਿਆ ਦਾ ਕੋਈ ਵੀ ਅੰਤ ਨਹੀਂ ਹੁੰਦਾ ਇਸ ਕਰਕੇ ਸਾਨੂੰ ਜਿੰਦਗੀ ਭਰ ਸਿੱਖਦੇ ਹੀ ਰਹਿਣਾ ਚਾਹੀਦਾ ਹੈ।

ਅਜੋਕੀ ਐਜੂਕੇਸ਼ਨ ਪੋਲਸੀ ਦੇ ਵਿੱਚ ਵਿਦਿਆਰਥੀਆਂ ਲਈ ਬਹੁਤ ਹੀ ਜਿਆਦਾ ਢੁਕਵੇਂ ਵਿਕਲਪ ਹਨ । ਜਿਸ ਤੋਂ ਵਿਦਿਆਰਥੀ ਭਰਪੂਰ ਲਾਹਾ ਲੈ ਸਕਦੇ ਹਨ । ਸਿੱਖਿਆ ਪ੍ਰਾਪਤ ਕਰਨ ਦਾ ਮਕਸਦ ਸਿਰਫ ਨੌਕਰੀ ਲੈਣਾ ਹੀ ਨਹੀਂ ਹੁੰਦਾ । ਸੋ ਮੈਂ ਉਮੀਦ ਕਰਦਾ ਹਾਂ ਕਿ ਤੁਸੀਂ ਇਸ ਕਾਲਜ ਵਿੱਚ ਦਾਖਲਾ ਲੈ ਕੇ ਵਧੀਆ ਸਿੱਖਿਆ ਪ੍ਰਾਪਤ ਕਰੋਗੇ । ਤੁਸੀਂ ਖੁਦ ਤਰੱਕੀ ਕਰੋਗੇ ਅਤੇ ਸਮਾਜ ਦੀ ਭਲਾਈ ਵਿੱਚ ਆਪਣਾ ਯੋਗਦਾਨ ਪਾਓਗੇ ।

**ਕਾਰਜਕਾਰੀ ਪ੍ਰਿੰਸੀਪਲ**
**ਪ੍ਰੋ. ਅਮਨਦੀਪ ਸਿੰਘ**

## ਸੰਦੇਸ਼



### ਪ੍ਰੋ. ਹਰਦੀਪ ਸਿੰਘ

ਨਵੇਂ ਸੈਸ਼ਨ ਦੀ ਸ਼ੁਰੂਆਤ ਦੇ ਸਬੰਧ ਵਿੱਚ ਵਿਦਿਆਰਥੀਓ ਮੈਂ ਤੁਹਾਡੇ ਨਾਲ ਕੁੱਝ ਗੱਲਾ ਸਾਂਝੀਆਂ ਕਰਨਾ ਚਾਹੁੰਦਾ ਹਾਂ। ਜੋ ਕਿ ਤੁਹਾਡੇ ਆਉਣ ਵਾਲੇ ਕੱਲ ਦੀ ਬੇਹਤਰੀ ਲਈ ਬਹੁਤ ਜਰੂਰੀ ਸਾਬਿਤ ਹੋਣਗੀਆਂ। ਵਿਦਿਆਰਥੀਓ " ਵਿਦਿਆ ਦੀਆਂ ਜੜਾਂ ਕੋੜੀਆਂ ਫਲ ਮਿੱਠਾ " ਸਕੂਲੀ ਪੜ੍ਹਾਈ ਕਰਦਿਆਂ ਪਾਠਕਰਮ ਦੀਆਂ ਕਿਤਾਬਾਂ ਨਾਲ ਸੰਘਰਸ਼ ਕਰ ਰਹੇ ਬੱਚਿਆਂ ਦੇ ਮਾਮਲੇ ਤੇ ਇਹ ਗੱਲ ਹੋਰ ਵੀ ਔਖੀ ਹੈ। ਬੱਚਿਆਂ ਨੂੰ ਪੜ੍ਹਾਈ ਦਾ ਮਹੱਤਵ ਮਹਿਸੂਸ ਕਰਵਾਉਣ ਦੀ ਲੋੜ ਹੁੰਦੀ ਹੈ। ਇਹ ਕੰਮ ਮਾਪਿਆਂ ਤੇ ਅਧਿਆਪਕਾਂ ਨੇ ਮਿਲ ਕਰਨਾ ਹੁੰਦਾ ਹੈ। ਮਾਤਾ ਪਿਤਾ ਆਪਣਾ ਕੰਮਾਂ ਵਿੱਚ ਰੁੱਝੇ ਹੁੰਦੇ ਹਨ, ਇਸ ਕਰਕੇ ਇਹ ਜ਼ਿੰਮੇਵਾਰੀ ਕੇਵਲ ਅਧਿਆਪਕ ਦੇ ਸਿਰ ਤੇ ਆ ਜਾਂਦੀ ਹੈ। ਜਿਸ ਤਰ੍ਹਾਂ ਕਿਹਾ ਜਾਂਦਾ ਹੈ 'ਜਗਦਾ ਦੀਵਾ ਹੀ ਹੋਰ ਦੀਵਿਆਂ ਨੂੰ ਜਗਾ ਸਕਦਾ ਹੈ' ਬਿਲਕੁਲ ਇਸ ਤਰ੍ਹਾਂ ਬੱਚਿਆਂ ਨੂੰ ਪ੍ਰੇਰਿਤ ਕਰਨ ਲਈ ਅਧਿਆਪਕ ਦਾ ਖੁਦ ਉਤਸ਼ਾਹੀ ਹੋਣਾ ਬਹੁਤ ਜ਼ਰੂਰੀ ਹੈ। ਅਧਿਆਪਕ ਉਹ ਜੁਗਨੂੰ ਹੈ, ਜਿਸ ਦੀ ਚਮਕ ਵੇਖ ਕੇ ਬੱਚਿਆਂ ਅੰਦਰ ਨਵੀਂ ਉਰਜਾ ਭਰ ਜਾਂਦੀ ਹੈ। ਅਧਿਆਪਕ ਦੀ ਪ੍ਰੇਰਨਾ ਨਾਲ ਬੱਚੇ ਪੜ੍ਹਨ ਤੇ ਨਵਾਂ ਸਿੱਖਣ ਲਈ ਤਿਆਰ ਹੋ ਜਾਂਦੇ ਹਨ। ਅੱਜ ਭਾਵੇ ਤਕਨੀਕ ਦਾ ਦੌਰ ਹੈ। ਬੱਚੇ ਡਿਜੀਟਲ ਕਿਤਾਬਾਂ ਤੇ ਕਿਰਿਆਵਾਂ ਰਾਹੀ ਬੜਾ ਕੁੱਝ ਸਿੱਖਦੇ ਹਨ। ਪਰ ਤਕਨੀਕ ਕਦੇ ਵੀ ਅਧਿਆਪਕ ਦਾ ਬਦਲ ਨਹੀ ਬਣ ਸਕਦੀ। ਬੱਚੇ ਨੂੰ ਪੜ੍ਹਾਈ ਕਰਨ ਲਈ ਤਿਆਰ ਕਰਨ ਦਾ ਕੰਮ ਅਧਿਆਪਕ ਹੀ ਕਰ ਸਕਦਾ ਹੈ। ਅਧਿਆਪਕ ਆਪਣੇ ਵਿਦਿਆਰਥੀਆਂ ਦਾ ਰੋਲ ਮਾਡਲ ਹੈ। ਬੱਚੇ ਆਪਣੇ ਅਧਿਆਪਕਾਂ ਰਾਹੀ ਖੁਦ ਨੂੰ ਵੱਡਾ ਹੋਇਆ ਦੇਖਦੇ ਹਨ। ਬੱਚਿਆਂ ਰਾਹੀਂ ਆਪਣੀਆਂ ਰਹਿ ਗਈਆਂ ਕਮੀਆਂ ਨੂੰ ਪੂਰਾ ਕਰਨ ਦੀ ਉਮੀਦ ਕਰਦਾ ਹੈ। ਸੋ ਅੰਤ ਵਿੱਚ ਮੈਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਜਸਮੇਰ ਸਿੰਘ ਜੇਜੀ ਕਾਲਜ ਵਿਦਿਆਰਥੀਆਂ ਵਿੱਚ ਛੁਪੀ ਹੋਈ ਹਰ ਤਰ੍ਹਾਂ ਦੀ ਪ੍ਰਤਿਭਾ ਨੂੰ ਉਜਾਗਰ ਕਰਨ ਲਈ ਹਰ ਸੰਭਵ ਮੌਕਾ ਪ੍ਰਦਾਨ ਕਰੇਗਾ।

**ਮੁੱਖ ਸਲਾਹਕਾਰ**
**ਪ੍ਰੋ. ਹਰਦੀਪ ਸਿੰਘ**

ਚੇਅਰਮੈਨ
ਸ. ਇੰਦਰਜੀਤ ਸਿੰਘ ਜੇਜੀ

ਡਾਇਰੈਕਟਰ
ਬੀਬਾ ਹਰਮਨ ਜੇਜੀ

ਮੁੱਖ ਸਲਾਹਕਾਰ
ਪ੍ਰੋ. ਹਰਦੀਪ ਸਿੰਘ

ਪ੍ਰਿੰਸੀਪਲ
ਪ੍ਰੋ. ਅਮਨਦੀਪ ਸਿੰਘ

## ਪੰਜਾਬੀ ਵਿਭਾਗ
1. ਪ੍ਰੋ. ਕੁਲਵਿੰਦਰ ਸਿੰਘ (M.A., M. Phil., UGC NET)
2. ਪ੍ਰੋ. ਬਲਕਾਰ ਸਿੰਘ (M.A., M. Phil. Pbi., UGC Net)
3. ਪ੍ਰੋ. ਮੋਨਿਕਾ ਰਾਣੀ (M.A., UGC Net)
4. ਨਿਯੁਕਤੀ ਅਧੀਨ

## ਅੰਗਰੇਜ਼ੀ ਵਿਭਾਗ
1. ਪ੍ਰੋ. ਅੰਮ੍ਰਿਤਪਾਲ ਕੌਰ (M.A. Eng., B.Ed.)
2. ਪ੍ਰੋ. ਰਵਿੰਦਰ ਕੁਮਾਰ (M.A. Eng. B.Ed.)
3. ਨਿਯੁਕਤੀ ਅਧੀਨ

## ਕੰਪਿਊਟਰ ਵਿਭਾਗ
1. ਪ੍ਰੋ. ਅਮਨਦੀਪ ਸਿੰਘ (M.C.A., M.Phil.)
2. ਪ੍ਰੋ. ਸੁਖਜਿੰਦਰ ਕੌਰ (M.C.A., M.Tech.)
3. ਪ੍ਰੋ. ਮਨਪ੍ਰੀਤ ਕੌਰ (M.C.A., M.Tech.)
4. ਪ੍ਰੋ. ਪੁਸ਼ਪਾ ਦੇਵੀ (M.C.A., M.Tech.)
5. ਪ੍ਰੋ. ਹਰਦੀਪ ਸਿੰਘ (M.C.A.)

## ਕਾਮਰਸ ਵਿਭਾਗ
1. ਪ੍ਰੋ. ਜੈਸਮੀਨ (M. Com., B.Ed.)
2. ਪ੍ਰੋ. ਗੁਰਦੀਪ ਕੌਰ (B.Com., M.Com.)
3. ਨਿਯੁਕਤੀ ਅਧੀਨ

## ਇਕਨਾਮਿਕਸ ਵਿਭਾਗ
1. ਪ੍ਰੋ. ਨਿਸ਼ਾ ਰਾਣੀ (M.A., UGC NET.,)

## ਰਾਜਨੀਤੀ ਸ਼ਾਸਤਰ ਵਿਭਾਗ
1. ਪ੍ਰੋ. ਜਗਸੀਰ ਸਿੰਘ (M.A., B.Ed.)

## ਹਿੰਦੀ ਵਿਭਾਗ
1. ਡਾ. ਰੀਟਾ ਰਾਵਤ (M.A. Ph.D.)

## ਇਤਿਹਾਸ ਵਿਭਾਗ
1. ਪ੍ਰੋ. ਮੱਖਣ ਸਿੰਘ (M.A. History, B.Ed., M.Ed.)

## ਸੋਸ਼ੋਲੋਜੀ
1. ਪ੍ਰੋ: ਗੁਰਪ੍ਰੀਤ ਸਿੰਘ (M.A. Socio., M.A. Edu., B.Ed.)

## ਲਾਇਬਰੇਰੀਅਨ
1. ਸ਼੍ਰੀਮਤੀ ਬੇਅੰਤ ਕੌਰ (B.Lib, M.Lib.)

## ਮਿਊਜ਼ਿਕ ਵਿਭਾਗ
1. ਜਗਦੀਸ਼ ਸਿੰਘ (M.A.Music)

## ਸਰੀਰਕ ਸਿੱਖਿਆ ਵਿਭਾਗ
1. ਪ੍ਰੋ. ਸੁਖਦੀਪ ਸਿੰਘ (M.P.Ed.)

## ਗਣਿਤ ਵਿਭਾਗ
1. ਪ੍ਰੋ. ਸ਼ਿਵਮ (M.Sc., Math, B.Ed.)
2. ਨਿਯੁਕਤੀ ਅਧੀਨ

## ਨਾਨ ਟੀਚਿੰਗ ਸਟਾਫ਼
1. ਸ.ਜਸਵਿੰਦਰ ਸਿੰਘ ਗਿੱਲ - ਆਫਿਸ ਸੁਪਰਡੈਂਟ
2. ਸ਼੍ਰੀ ਵਿਸ਼ਾਲ ਗੋਇਲ - ਅਕਾਉਟੈਂਟ
3. ਸ਼੍ਰੀ ਨਾਮਦੇਵ - ਕਲਰਕ
4. ਸ. ਲਖਵੀਰ ਸਿੰਘ - ਕਲਰਕ
5. ਸ. ਗੁਰਮੀਤ ਸਿੰਘ - ਕਲਰਕ

## ਦਰਜਾ ਚਾਰ ਮੁਲਾਜ਼ਮ
1. ਸਰਬਜੀਤ ਕੌਰ - ਸੇਵਿਕਾ
2. ਸਰਬਜੀਤ ਕੌਰ - ਸਫਾਈ ਸੇਵਿਕਾ
3. ਮਨਜੀਤ ਕੌਰ - ਸਫਾਈ ਸੇਵਿਕਾ
4. ਗੁਰਦਾਸ ਸਿੰਘ - ਸਕਿਊਰਟੀਗਾਰਡ
5. ਜਸਮੇਲ ਸਿੰਘ (ਲੱਖਾ) - ਸਕਿਓਰਟੀ ਗਾਰਡ
6. ਜਗਦੇਵ ਸਿੰਘ - ਮਾਲੀ
7. ਦੇਵਕੀ - ਸੇਵਿਕਾ
8. ਬਲਜਿੰਦਰ ਸਿੰਘ - ਗਰਾਉਂਡਮੈਨ
9. ਲਾਲ ਸਿੰਘ - ਸਕਿਓਰਟੀ ਗਾਰਡ

## ਵੱਖ ਵੱਖ ਇੰਚਾਰਜ
ਮੀਡੀਆ ਇੰਚਾਰਜ - ਪ੍ਰੋ. ਅਮਨਦੀਪ ਸਿੰਘ, ਜਸਵਿੰਦਰ ਸਿੰਘ, ਪ੍ਰੋ. ਹਰਦੀਪ ਸਿੰਘ
ਰਜਿਸਟਰਾਰ ਘਰੇਲੂ ਪ੍ਰੀਖਿਆਵਾਂ - ਪ੍ਰੋ. ਮਨਪ੍ਰੀਤ ਕੌਰ, ਪ੍ਰੋ. ਪੁਸ਼ਪਾ ਦੇਵੀ
ਯੂਥ ਕੋ-ਆਰਡੀਨੇਟਰ - ਪ੍ਰੋ. ਕੁਲਵਿੰਦਰ ਸਿੰਘ, ਪ੍ਰੋ. ਬਲਕਾਰ ਸਿੰਘ
ਐਨ.ਐਸ.ਐਸ. ਪ੍ਰੋਗਰਾਮ ਅਫਸਰ - ਡਾ. ਰੀਟਾ ਰਾਵਤ, ਕੁਲਵਿੰਦਰ ਸਿੰਘ
ਸੱਭਿਆਚਾਰਕ ਗਤੀਵਿਧੀਆਂ - ਪ੍ਰੋ. ਬਲਕਾਰ ਸਿੰਘ, ਪ੍ਰੋ. ਕੁਲਵਿੰਦਰ ਸਿੰਘ
ਰੈੱਡ ਰਿਬਨ ਕਲੱਬ/ਰੈੱਡ ਕਰਾਸ - ਪ੍ਰੋ. ਸੁਖਜਿੰਦਰ ਕੌਰ, ਪ੍ਰੋ. ਕੁਲਵਿੰਦਰ ਸਿੰਘ
ਪੰਜਾਬੀ ਸਾਹਿਤ ਸਭਾ - ਪ੍ਰੋ. ਕੁਲਵਿੰਦਰ ਸਿੰਘ, ਪ੍ਰੋ. ਬਲਕਾਰ ਸਿੰਘ
ਇੰਗਲਿਸ਼ ਲਿਟਰੇਰੀ ਸੁਸਾਇਟੀ - ਪ੍ਰੋ. ਰਵਿੰਦਰ ਕੁਮਾਰ
ਹਿੰਦੀ ਸਾਹਿਤਯ ਪਰਿਸ਼ਦ - ਡਾ. ਰੀਟਾ ਰਾਵਤ
ਨੋਡਲ ਅਫਸਰ (Online Scholarships) - ਪ੍ਰੋ. ਅਮਨਦੀਪ ਸਿੰਘ (ਸਹਾਇਕ ਜਸਵਿੰਦਰ ਸਿੰਘ, ਹਰਦੀਪ ਸਿੰਘ)
ਪਲੇਸਮੈਂਟ ਸੈੱਲ - ਪ੍ਰੋ. ਮਨਪ੍ਰੀਤ ਕੌਰ, ਪ੍ਰੋ. ਸੁਖਜਿੰਦਰ ਕੌਰ, ਪ੍ਰੋ. ਗੁਰਪ੍ਰੀਤ ਸਿੰਘ
ਐਨ. ਸੀ. ਸੀ. - ਪ੍ਰੋ. ਅਮਨਦੀਪ ਸਿੰਘ

# ਕਾਲਜ ਸਟਾਫ਼



## ਕਾਲਜ ਮੈਨੇਜ਼ਮੈਂਟ, ਪ੍ਰਿੰਸੀਪਲ ਅਤੇ ਮੁੱਖ ਸਲਾਹਕਾਰ ਦਾ ਅਹੁਦਾ ਸੌਂਪਦੇ ਹੋਏ





## ਵੱਖ-ਵੱਖ ਟੂਰ













# ਫੀਸ ਸਬੰਧੀ ਵੇਰਵਾ

## ਜਸਮੇਰ ਸਿੰਘ ਜੇਜੀ ਕਾਲਜ, ਗੁਰਨੇ ਕਲਾਂ

ਸੈਸ਼ਨ 2025-2026: ਫੀਸਾਂ ਦੀ ਡੀਟੇਲ

| Sr. No. | Class | First Semester Tuition Fee | First Semester University Examination Fee | University Online Fee (First Sem only | Punjab Govt Fee (First Sem only) | Second Semester Tuition Fee | Second Semeste University Examination Fee | Total Fee |
|---|---|---|---|---|---|---|---|---|
| 1 | BA-I | 8000 | 1750 | 170 | 200 | 5900 | 1750 | **17770** |
| | BA-I ( With Practical) | 8000 | 2300 | 170 | 200 | 5900 | 2300 | **18870** |
| 2 | BA-II | 8000 | 1750 | x | x | 6200 | 1750 | **17700** |
| | BA-II ( With Practical) | 8000 | 2300 | x | x | 6800 | 2300 | **19400** |
| 3 | BA-III | 8000 | 1750 | x | x | 6200 | 1750 | **17700** |
| | BA-III ( With Practical) | 8000 | 2300 | x | x | 6800 | 2300 | **19400** |
| 4 | B.Com-I | 10000 | 2025 | 170 | 200 | 8450 | 2025 | **22870** |
| 5 | B.Com-II | 10000 | 1750 | x | x | 8500 | 1750 | **22000** |
| 6 | B.Com-III | 10000 | 1750 | x | x | 8500 | 1750 | **22000** |
| 7 | BCA-I | 10000 | 2300 | 170 | 200 | 7800 | 2300 | **22770** |
| 8 | BCA-II | 11000 | 2300 | x | x | 10850 | 2300 | **26450** |
| 9 | BCA-III | 11000 | 2300 | x | x | 10850 | 2300 | **26450** |
| 10 | PGDCA | 10000 | 3100 | x | 200 | 6200 | 3100 | **22600** |
| 11 | MSc(IT)-I | 12000 | 2300 | x | 200 | 11000 | 2300 | **27800** |
| 12 | MSc(IT)-II | 15000 | 2300 | x | x | 9940 | 2300 | **29540** |
| 13 | MSc(IT)-II (Lateral) | 15000 | 2300 | x | x | 9940 | 2300 | **29540** |
| 14 | MA- (Pbi)-I | 10000 | 1750 | x | 200 | 9700 | 1750 | **23400** |
| 15 | MA- (Pbi)-II | 10000 | 1750 | x | x | 9500 | 1750 | **23000** |
| 16 | M.Com-I | 11150 | 1800 | x | 200 | 10850 | 1800 | **25800** |
| 17 | M.Com-II | 11150 | 1800 | x | x | 10650 | 1800 | **25400** |
| 18 | 10+1 (Arts) | 5000 | 0 | x | x | 4250 | 150 | **9400** |
| 19 | 10+2 (Arts) | 5000 | 0 | x | x | 4600 | 1750 | **11350** |
| 20 | 10+1 (Comm) | 5000 | 0 | x | x | 4450 | 150 | **9600** |
| 21 | 10+2 (Comm) | 5000 | 0 | x | x | 5800 | 1750 | **12550** |

Fee Concession will be given according to the Sports and other Activites in 2nd, 4th and 6th semester as follows

| | | |
|---|---|---|
| 1 | **University Level Gold Medal** | 2000 |
| | **University Level Silver Medal** | 1500 |
| 2 | **National Level Gold Medal** | 3000 |
| | **National Level Silver Medal** | 2500 |
| | **National Level Bronza Medal** | 2000 |

ਨੋਟ : ਕਾਲਜ ਦੀ ਨਿਰਧਾਰਿਤ ਫੀਸ ਵਿਦਿਆਰਥੀ ਤੋਂ 2 ਕਿਸਤਾਂ ਵਿੱਚ ਭਰਾਈ ਜਾਵੇਗੀ । ਪਹਿਲੀ ਕਿਸਤ ਦਾਖ਼ਲੇ ਸਮੇਂ ਭਰਨੀ ਹੋਵੇਗੀ ਅਤੇ ਦੂਸਰੀ ਕਿਸਤ 20 ਨਵੰਬਰ ਤੋਂ ਪਹਿਲਾਂ ਭਰਨੀ ਹੋਵੇਗੀ ਨਿਸ਼ਚਿਤ ਮਿਤੀ ਤੇ ਫੀਸ ਨਾ ਭਰਨ ਵਾਲੇ ਵਿਦਿਆਰਥੀ ਨੂੰ ਨਿਯਮਾਂ ਅਨੁਸਾਰ ਬਣਦੀ ਲੇਟ ਫੀਸ ਲੱਗੇਗੀ।

ਪੂਰੇ ਸਾਲ ਦੀ ਫੀਸ ਪਹਿਲੀ ਕਿਸਤ ਵਿੱਚ ਭਰਨ ਵਾਲੇ ਵਿਦਿਆਰਥੀ ਨੂੰ 1000 ਰੁ: ਦੀ ਛੂਟ ਹੋਵੇਗੀ।

ਕਾਲਜ ਵਿੱਚ ਪੜ੍ਹਨ ਵਾਲੇ 2 ਸਕੇ ਭੈਣ ਜਾਂ ਭਰਾਵਾਂ ਵਿੱਚੋਂ ਇੱਕ ਨੂੰ 1000 ਰੁ: ਦੀ ਛੂਟ ਹੋਵੇਗੀ।

# ਵਿਸ਼ਿਆਂ ਦੀ ਚੋਣ

**10+2** ਪਾਸ ਵਿਦਿਆਰਥੀ ਬੀ. ਏ. ਭਾਗ ਪਹਿਲਾ ਦੇ ਪਹਿਲੇ ਸਮੈਸਟਰ (1st - Semester) 'ਚ ਦਾਖ਼ਲਾ ਲੈਣ ਦੇ ਯੋਗ ਹਨ। ਸਰਕਾਰ ਅਤੇ ਪੰਜਾਬੀ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਬੀ.ਏ. ਭਾਗ ਪਹਿਲੇ ਵਿੱਚ ਸੈਸ਼ਨ 2024-25 ਤੋਂ ਨਵੀਂ ਸਿੱਖਿਆ ਨੀਤੀ ਲਾਗੂ ਕੀਤੀ ਗਈ ਹੈ ਇਸ ਦੇ ਅਨੁਸਾਰ ਵਿਦਿਆਰਥੀ 9 ਵਿਸ਼ੇ ਪੜ੍ਹੇਗਾ ਅਤੇ ਵਿਸ਼ਿਆਂ ਦੀ ਚੋਣ ਹੇਠ ਲਿਖੇ ਗਰੁੱਪਾਂ ਵਿੱਚੋ ਕਰੇਗਾ।

| MAJOR SUB.1 CREDIT 4 | MAJOR SUB.2 CREDIT 4 | MAJOR SUB.3 CREDIT 4 | MINOR CREDIT 4 | Inter Disciplinary (IDC) CREDIT 3 | AEC CREDIT 2 |
|---|---|---|---|---|---|
| 1. ਰਾਜਨੀਤੀ ਸ਼ਾਸਤਰ<br>2. ਅਰਥ ਸ਼ਾਸਤਰ<br>3. ਸਮਾਜ ਵਿਗਿਆਨ<br>4. ਗਣਿਤ/ਹਿਸਟਰੀ<br>5. ਸ਼ਰੀਰਕ ਸਿੱਖਿਆ<br>6. ਕੰਪਿਊਟਰ ਐਪਲੀਕੇਸ਼ਨ | 1. ਰਾਜਨੀਤੀ ਸ਼ਾਸਤਰ<br>2. ਅਰਥ ਸ਼ਾਸਤਰ<br>3. ਸਮਾਜ ਵਿਗਿਆਨ<br>4. ਗਣਿਤ/ਹਿਸਟਰੀ<br>5. ਸ਼ਰੀਰਕ ਸਿੱਖਿਆ<br>6. ਕੰਪਿਊਟਰ ਐਪਲੀਕੇਸ਼ਨ | 1. ਪੰਜਾਬੀ ਲਿਟਰੇਚਰ<br>2. ਹਿੰਦੀ ਲਿਟਰੇਚਰ<br>3. ਅੰਗਰੇਜੀ ਲਿਟਰੇਚਰ | 1. ਰਾਜਨੀਤੀ ਸ਼ਾਸਤਰ<br>2. ਅਰਥ ਸ਼ਾਸਤਰ<br>3. ਸਮਾਜ ਵਿਗਿਆਨ<br>4. ਗਣਿਤ/ਹਿਸਟਰੀ<br>5. ਸ਼ਰੀਰਕ ਸਿੱਖਿਆ<br>6. ਕੰਪਿਊਟਰ ਐਪਲੀਕੇਸ਼ਨ | 1. हिन्दी कहानी और व्याकरण<br>2. ਪੰਜਾਬ ਦੇ ਮੇਲੇ ਅਤੇ ਤਿਉਹਾਰ<br>3. Modern Life Style in Physical Education | 1. ਅੰਗਰੇਜੀ ਲਾਜ਼ਮੀ |

| Skill Enhancement Course (SEC) CREDIT 3 | Value Added Courses (VAC) CREDIT 2 | Compulsory Subject CREDIT 4 | TOTAL CREDIT 30 |
|---|---|---|---|
| 1. Computer Application<br>2. रचनात्मक लेखन<br>3. ਪੰਜਾਬੀ ਭਾਸ਼ਾਈ ਹੁਨਰ ਕਹਾਣੀ ਲੇਖਣ | 1. Environment and Road Safety | 1. Punjabi Compulsory | |

| 11ਵੀਂ ਅਤੇ 12ਵੀਂ ਕਲਾਸ ਵਿੱਚ ਵਿਦਿਆਰਥੀ ਇਨ੍ਹਾਂ ਗਰੁੱਪਾਂ ਵਿੱਚ ਵਿਸ਼ਿਆਂ ਦੀ ਚੋਣ ਕਰ ਸਕਦਾ ਹੈ | ਲਾਜ਼ਮੀ ਵਿਸ਼ੇ | ਚੋਣਵੇਂ ਵਿਸ਼ੇ ਆਰਟਸ | ਕਾਮਰਸ ਗਰੁੱਪ |
|---|---|---|---|
| | ☞ ਪੰਜਾਬੀ ਲਾਜ਼ਮੀ<br>☞ ਕੰਪਿਊਟਰ ਸਾਇੰਸ<br>☞ ਵਾਤਾਵਰਨ ਸਿੱਖਿਆ | ☞ ਪੰਜਾਬੀ ਸਾਹਿਤ<br>☞ ਹਿੰਦੀ ਸਾਹਿਤ<br>☞ ਅੰਗਰੇਜੀ ਸਾਹਿਤ<br>☞ ਸਮਾਜ ਸ਼ਾਸਤਰ<br>☞ ਇਤਿਹਾਸ<br>☞ ਅਰਥ ਸ਼ਾਸਤਰ<br>☞ ਰਾਜਨੀਤੀ ਸ਼ਾਸਤਰ<br>☞ ਗਣਿਤ<br>☞ ਸ਼ਰੀਰਕ ਸਿੱਖਿਆ | ☞ ਪੰਜਾਬੀ ਲਾਜ਼ਮੀ<br>☞ ਅੰਗਰੇਜੀ ਲਾਜ਼ਮੀ<br>☞ ਵਾਤਾਵਰਨ ਸਿੱਖਿਆ<br>☞ ਕੰਪਿਊਟਰ ਸਾਇੰਸ<br>☞ ਅਰਥ ਸ਼ਾਸਤਰ<br>☞ Business Study<br>☞ Accountancy |

## B.A. ਭਾਗ ਦੂਜਾ (Semester System)

ਬੀ. ਏ ਭਾਗ ਦੂਜਾ 'ਚ ਬੀ. ਏ. ਭਾਗ ਪਹਿਲਾ ਸਮੈਸਟਰ ਪਹਿਲਾ ਪਾਸ ਜਾਂ ਰੀ-ਅਪੀਅਰ ਵਿਦਿਆਰਥੀ ਦਾਖ਼ਲਾ ਲੈ ਸਕਦੇ ਹਨ ।

## B.A. ਭਾਗ ਤੀਜਾ (Semester System)

ਬੀ.ਏ ਭਾਗ ਤੀਜਾ ਸਮੈਸਟਰ ਪੰਜਵਾਂ ਵਿੱਚ **ਬੀ.ਏ. ਭਾਗ ਪਹਿਲਾ** ਪਾਸ ਵਿਦਿਆਰਥੀ ਅਤੇ ਬੀ. ਏ ਭਾਗ ਦੂਜਾ ਵਿੱਚੋਂ ਪਾਸ ਜਾਂ ਰੀ-ਅਪੀਅਰ ਵਾਲੇ ਵਿਦਿਆਰਥੀ ਦਾਖ਼ਲਾ ਲੈ ਸਕਦੇ ਹਨ।

## B.Com. ਭਾਗ ਪਹਿਲਾ (Semester System)

B.Com ਭਾਗ ਪਹਿਲਾ (ਪਹਿਲਾ ਸਮੈਸਟਰ) ਦੇ ਦਾਖ਼ਲੇ ਲਈ ਹੇਠ ਲਿਖੇ ਵਿਦਿਆਰਥੀ ਯੋਗ ਹਨ :-

10+2 ਦੀ ਪ੍ਰੀਖਿਆ ਘੱਟੋ-ਘੱਟ 50% ਅੰਕਾਂ ਨਾਲ ਪਾਸ ਕਰਨ ਵਾਲੇ ਵਿਦਿਆਰਥੀ। ਜਾਂ

10+2 ਦੀ ਪ੍ਰੀਖਿਆ 'ਚ ਕਾਮਰਸ/ਮੈਥ/ਅਰਥ ਸ਼ਾਸਤਰ/ਮੈਨੇਜਮੈਂਟ ਦੇ ਘੱਟੋ- ਘੱਟ 2 ਵਿਸ਼ਿਆਂ ਨਾਲ 45% ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀ।

10+2 ਦੀ ਪ੍ਰੀਖਿਆ ਕਾਮਰਸ ਗਰੁੱਪ ਨਾਲ 40% ਅੰਕ ਲੈ ਕੇ ਪਾਸ ਕਰਨ ਵਾਲੇ ਵਿਦਿਆਰਥੀ।

## B.Com. ਭਾਗ ਦੂਜਾ ਅਤੇ ਤੀਜਾ (Semester System)

B.Com ਭਾਗ ਦੂਜਾ ਵਿੱਚ ਦਾਖ਼ਲਾ ਲੈਣ ਲਈ ਬੀ.ਕਾਮ. ਪਹਿਲਾ ਪਾਸ/ਰੀ-ਅਪੀਅਰ ਵਿਦਿਆਰਥੀ ਯੋਗ ਹਨ। ਬੀ. ਕਾਮ ਭਾਗ ਪਹਿਲਾ ਅਤੇ ਦੂਜਾ ਵਿੱਚ ਰੀ-ਅਪੀਅਰ ਵਾਲੇ ਵਿਦਿਆਰਥੀ ਭਾਗ ਤੀਜਾ ਵਿੱਚ ਦਾਖ਼ਲੇ ਦੇ ਯੋਗ ਹਨ।

**M. Com :-** B.Com (3 ਸਾਲ) ਪਾਸ ਵਿਦਿਆਰਥੀ ਹੀ M.Com ਭਾਗ ਪਹਿਲਾ ਵਿੱਚ ਯੂਨੀ. ਨਿਯਮਾਂ ਅਨੁਸਾਰ ਦਾਖ਼ਲਾ ਲੈ ਸਕਦੇ ਹਨ।

**M.A. ਪੰਜਾਬੀ (Semester System) ਵਿੱਚ ਦਾਖ਼ਲੇ ਲਈ ਯੋਗਤਾ :-** M.A. ਭਾਗ ਪਹਿਲਾ (ਪਹਿਲਾ ਸਮੈਸਟਰ) ਬੀ.ਏ., ਬੀ.ਐਸ.ਸੀ., ਬੀ.ਕਾਮ. ਭਾਗ ਤੀਜਾ (ਚੋਣਵੀਂ ਜਾਂ ਜਨਰਲ ਪੰਜਾਬੀ ਵਿਸ਼ੇ ਨਾਲ) ਦੀ ਪ੍ਰੀਖਿਆ 'ਚ 50% ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਐਮ.ਏ. (ਪੰਜਾਬੀ) ਭਾਗ ਪਹਿਲਾ (ਪਹਿਲੇ ਸਮੈਸਟਰ) ਵਿੱਚ ਦਾਖ਼ਲੇ ਲਈ ਯੋਗ ਹਨ। M.A. ਪੰਜਾਬੀ ਭਾਗ ਪਹਿਲਾ ਵਿੱਚ ਦਾਖ਼ਲੇ ਲਈ ਗ੍ਰੈਜੂਏਸ਼ਨ ਦੀ ਪ੍ਰੀਖਿਆ 'ਚ ਚੋਣਵਾਂ (Elective) ਪੰਜਾਬੀ ਵਿਸ਼ਾ ਹੋਣਾ ਲਾਜ਼ਮੀ ਨਹੀਂ ਹੈ। M.A. ਪੰਜਾਬੀ ਭਾਗ ਦੂਜਾ ਵਿੱਚ (ਤੀਜਾ ਸਮੈਸਟਰ) M.A. ਭਾਗ ਪਹਿਲਾ (ਪਹਿਲਾ ਅਤੇ ਦੂਜਾ ਸਮੈਸਟਰ) ਵਿੱਚੋਂ ਪਾਸ/ ਰੀਅਪੀਅਰ ਵਾਲੇ ਵਿਦਿਆਰਥੀ ਦਾਖ਼ਲਾ ਲੈਣ ਦੇ ਯੋਗ ਹਨ।

## ਕੰਪਿਊਟਰ ਸਾਇੰਸ

1. **ਬੀ.ਸੀ.ਏ. ਭਾਗ ਪਹਿਲਾ :-** ਇਹ ਤਿੰਨ ਸਾਲਾ ਕੰਪਿਊਟਰ ਐਪਲੀਕੇਸ਼ਨ ਦਾ ਕੋਰਸ ਹੈ ਜਿਸ ਵਿੱਚ ਆਰਟਸ, ਸਾਇੰਸ, ਕਾਮਰਸ ਗਰੁੱਪ ਵਾਲੇ ਬਾਰ੍ਹਵੀਂ ਪਾਸ ਵਿਦਿਆਰਥੀ ਦਾਖ਼ਲਾ ਲੈ ਸਕਦੇ ਹਨ। ਯੋਗਤਾ ਜਨਰਲ 50%, ਐਸ.ਸੀ. 45%
2. **ਬੀ.ਸੀ.ਏ. ਭਾਗ ਦੂਜਾ ਅਤੇ ਤੀਜਾ :-** ਬੀ.ਸੀ.ਏ. ਭਾਗ ਪਹਿਲਾ ਪਾਸ ਜਾਂ ਰੀਅਪੀਅਰ ਵਾਲੇ ਵਿਦਿਆਰਥੀ ਬੀ.ਸੀ.ਏ. ਭਾਗ ਦੂਜਾ (ਸਮੈਸਟਰ ਤੀਜਾ) ਵਿੱਚ ਦਾਖ਼ਲਾ ਲੈ ਸਕਦੇ ਹਨ ਅਤੇ ਬੀ. ਸੀ. ਏ. ਭਾਗ ਪਹਿਲਾ ਅਤੇ ਬੀ.ਸੀ.ਏ. ਭਾਗ ਦੂਜਾ ਪਾਸ ਜਾਂ ਰੀਅਪੀਅਰ ਵਾਲੇ ਵਿਦਿਆਰਥੀ ਬੀ. ਸੀ. ਏ. ਭਾਗ ਤੀਜਾ (ਸਮੈਸਟਰ ਪੰਜਵੇ) ਵਿੱਚ ਦਾਖ਼ਲਾ ਲੈ ਸਕਦੇ ਹਨ।
3. **PGDCA :-** ਇਹ ਇੱਕ ਸਾਲਾ ਕੰਪਿਊਟਰ ਐਪਲੀਕੇਸ਼ਨ ਦਾ ਡਿਪਲੋਮਾ ਹੈ। ਜਿਸ ਵਿੱਚ ਗ੍ਰੇਜੂਏਟ ਪਾਸ ਵਿਦਿਆਰਥੀ ਦਾਖਲਾ ਲੈ ਸਕਦੇ ਹਨ।
4. **ਐਮ. ਐਸ. ਸੀ (ਆਈ. ਟੀ.) :-** ਭਾਗ ਪਹਿਲਾ ਵਿੱਚ ਬੀ.ਏ., ਬੀ.ਸੀ.ਏ., ਬੀ.-ਕਾਮ ਵਿੱਚੋਂ ਘੱਟੋ-ਘੱਟ 50% ਅੰਕ ਵਾਲੇ ਵਿਦਿਆਰਥੀ ਹੀ ਦਾਖ਼ਲਾ ਲੈ ਸਕਦੇ ਹਨ।
5. **ਐਮ. ਐਸ. ਸੀ (ਆਈ. ਟੀ. ਲੇਟਰਲ ਐਂਟਰੀ) :-** ਵਿੱਚ ਦਾਖ਼ਲੇ ਲਈ ਕਿਸੇ ਵੀ ਮਾਨਤਾ ਪ੍ਰਾਪਤ ਯੂਨੀ. ਤੋਂ PGDCA ਪਾਸ ਵਿਦਿਆਰਥੀ ਦਾਖ਼ਲਾ ਲੈਣ ਦੇ ਯੋਗ ਹਨ।

ਨੋਟ : ਕਿਸੇ ਹੋਰ ਯੂਨੀਵਰਸਿਟੀ ਤੋਂ PGDCA ਪਾਸ ਵਿਦਿਆਰਥੀਆਂ ਨੂੰ ਐਮ. ਐਸ. ਸੀ. ਆਈ ਟੀ ਲੇਟਰਲ ਐਂਟਰੀ ਵਿੱਚ ਦਾਖਲਾ ਲੈਣ ਲਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪਾਤਰਤਾ ਲੈਣੀ ਲਾਜ਼ਮੀ ਹੋਵੇਗੀ।

## ਦਾਖ਼ਲਾ ਲੈਣ ਲਈ ਆਮ ਨਿਯਮ :-

**ਦਾਖ਼ਲੇ ਲਈ ਪ੍ਰਾਸਪੈਕਟ 'ਚ ਲੱਗਿਆ ਦਾਖ਼ਲਾ ਫਾਰਮ ਸਾਫ-ਸਾਫ ਅੱਖਰਾਂ 'ਚ ਖੁਦ ਭਰਨਾ ਪਵੇਗਾ।**

1. ਦਾਖ਼ਲਾ ਫਾਰਮ ਨਾਲ ਹੇਠ ਲਿਖੇ ਸਰਟੀਫਿਕੇਟਾਂ ਦੀਆਂ ਸਵੈ-ਤਸਦੀਕ ਕੀਤੀਆਂ ਨਕਲਾਂ ਨੱਥੀ ਹੋਣੀਆਂ ਚਾਹੀਦੀਆਂ ਹਨ :-
   (ੳ) ਪਿਛਲੀ ਪ੍ਰੀਖਿਆ ਪਾਸ ਕਰਨ ਦਾ ਯੂਨੀ./ਬੋਰਡ ਦਾ ਸਰਟੀਫਿਕੇਟ ।
   (ਅ) ਪਿਛਲੀ ਸੰਸਥਾ/ਸਕੂਲ ਵੱਲੋਂ ਜਾਰੀ ਕੀਤਾ ਚਾਲ ਚਲਣ ਦਾ ਸਰਟੀਫਿਕੇਟ (ਅਸਲ)
   (ੲ) ਜਨਮ ਮਿਤੀ ਦਾ ਸਰਟੀਫਿਕੇਟ (ਮੈਟ੍ਰਿਕ) ।
   (ਸ) ਅਨੁਸੂਚਿਤ ਜਾਤੀਆਂ ਜਾਂ ਪਛੜੀਆਂ ਸ਼੍ਰੇਣੀਆਂ ਦਾ ਸਰਟੀਫਿਕੇਟ (ਅਸਲ) ।
   (ਹ) ਅੰਗਹੀਣ ਵਿਦਿਆਰਥੀਆਂ ਲਈ ਸੀ.ਐਮ.ਓ. ਵੱਲੋਂ ਜਾਰੀ ਕੀਤਾ ਪ੍ਰਮਾਣ ਪੱਤਰ ਜ਼ਰੂਰੀ ਹੈ।
   (ਕ) ਕਿਸੇ ਦੂਜੀ ਯੂਨੀਵਰਸਿਟੀ/ਬੋਰਡ ਜਾਂ ਕਾਲਜ ਤੋਂ ਪ੍ਰਵਾਸ (Migration) ਕਰ ਕੇ ਆਉਣ ਵਾਲੇ ਵਿਦਿਆਰਥੀਆਂ ਲਈ ਯੂਨੀਵਰਸਿਟੀ ਜਾਂ ਕਾਲਜ ਦਾ ਪ੍ਰਵਾਸ ਸਰਟੀਫਿਕੇਟ।
   (ਖ) ਵਿਦਿਆਰਥੀ ਦੀ ABC I.D. ਅਤੇ E-mail I.D. ਜਰੂਰੀ ਹੈ।

(ਖ) ਪਾਸਪੋਰਟ ਸਾਈਜ਼ ਦੀਆਂ ਚਾਰ ਨਵੀਆਂ ਫੋਟੋ (ਜੋ ਵੱਧ ਤੋਂ ਵੱਧ 6 ਮਹੀਨੇ ਪਹਿਲਾਂ ਹੀ ਖਿੱਚਵਾਈਆਂ ਹੋਣ) ਵਿਦਿਆਰਥੀ ਫੋਟੋ ਉਪਰ ਕੁਝ ਨਹੀਂ ਲਿਖਣਗੇ । ਫੋਟੋ ਦੀ ਪਿੱਠ ਭੂਮੀ (Background) ਲਾਈਟ ਹੋਣੀ ਚਾਹੀਦੀ ਹੈ ਤਾਂ ਜੋ ਫੋਟੋ ਦੀ ਤਸਦੀਕ ਸਾਫ ਨਜ਼ਰ ਆ ਸਕੇ।

(ਗ) ਦਾਖ਼ਲੇ ਸਮੇਂ ਨਿਰਧਾਰਿਤ ਫੀਸ ਭਰਨੀ ਲਾਜ਼ਮੀ ਹੈ ਅਤੇ ਇੱਕ ਵਾਰ ਜਮ੍ਹਾਂ ਕਰਵਾਈ ਫੀਸ ਕਿਸੇ ਵੀ ਰੂਪ ਵਿੱਚ ਵਾਪਿਸ ਨਹੀ ਹੋਵੇਗੀ ਅਤੇ ਨਾ ਹੀ ਕਿਸੇ ਹੋਰ ਵਿਦਿਆਰਥੀ ਦੀ ਫੀਸ 'ਚ ਐਡਜਸਟ ਹੋਵੇਗੀ।

**ਨੋਟ : (M.A., M.Sc. ਕਲਾਸਾਂ ਲਈ) ਐਸ. ਸੀ. ਜਾਂ Physically Handicapped (ਅੰਗਹੀਣ) ਲਈ 50% ਦੀ ਥਾਂ 45% ਅੰਕਾਂ ਵਾਲੇ ਵਿਦਿਆਰਥੀ ਦਾਖਲੇ ਦੇ ਯੋਗ ਹਨ। ਲੇਕਿਨ ਜਾਤ ਲਈ ਸੰਬੰਧਿਤ ਅਧਿਕਾਰੀ ਅਤੇ ਅੰਗਹੀਣ ਲਈ ਸੰਬੰਧਤ ਜ਼ਿਲ੍ਹੇ ਦੇ ਸੀ. ਐਮ. ਓ ਵੱਲੋਂ ਜਾਰੀ ਪ੍ਰਮਾਣ ਪੱਤਰ ਦੀ ਕਾਪੀ ਨੱਥੀ ਕਰਨਾ ਜ਼ਰੂਰੀ ਹੈ।**

## SC/OBC ਵਿਦਿਆਰਥੀਆਂ ਦੇ ਦਾਖਲੇ ਸੰਬੰਧੀ

1. SC/OBC ਵਿਦਿਆਰਥੀਆਂ ਦਾ ਦਾਖ਼ਲਾ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਕੀਤਾ ਜਾਵੇਗਾ
2. ਦੂਸਰੀ ਸੰਸਥਾਂ ਤੋਂ ਪੜ੍ਹਾਈ ਛੱਡ ਕੇ ਆਉਣ ਵਾਲੇ SC/OBC ਵਿਦਿਆਰਥੀਆਂ ਲਈ ਪਿਛਲੇ ਕਾਲਜ ਵਿੱਚ ਅਪਲਾਈ ਕੀਤੀ ਸਕਾਲਰਸ਼ਿਪ ਦਾ ਆਈ ਡੀ ਨੰਬਰ ਅਤੇ ਪਾਸਵਰਡ ਲਿਆਉਣਾ ਜ਼ਰੂਰੀ ਹੋਵੇਗਾ ਅਤੇ ਕਾਲਜ ਛੱਡਣ ਦਾ ਸਰਟੀਫਿਕੇਟ ਵੀ ਲਿਆਉਣਾ ਜ਼ਰੂਰੀ ਹੋਵੇਗਾ ਅਤੇ ਮਾਇਗ੍ਰੇਸ਼ਨ ਸਰਟੀਫਿਕੇਟ ਵੀ ਅਤਿ ਜ਼ਰੂਰੀ ਹੋਵੇਗਾ ।
3. SC/OBC ਵਿਦਿਆਰਥੀਆਂ ਨੂੰ ਦਾਖ਼ਲੇ ਸਮੇਂ ਹੇਠ ਲਿਖੇ ਦਸਤਾਵੇਜ਼ ਲੈ ਕੇ ਆਉਣੇ ਜ਼ਰੂਰੀ ਹਨ

(ੳ) ਆਮਦਨ ਸਰਟੀਫਿਕੇਟ ਅਸਲ ।

(ਅ) ਜਾਤੀ ਸਰਟੀਫਿਕੇਟ (ਅਸਲ)

(ੲ) ਆਧਾਰ ਕਾਰਡ (ਵਿਦਿਆਰਥੀ ਦਾ ਆਪਣਾ ਅਤੇ ਮਾਤਾ ਪਿਤਾ ਦਾ)

(ਸ) ਬੈਂਕ ਦੀ ਪਾਸ ਬੁੱਕ

(ਹ) ਦਸਵੀਂ ਦਾ ਸਰਟੀਫਿਕੇਟ ਅਸਲ।

(ਕ) ਪਿਛਲੀ ਪਾਸ ਕੀਤੀ ਪ੍ਰੀਖਿਆ ਦਾ ਅਸਲ ਸਰਟੀਫਿਕੇਟ।

(ਖ) ਇੱਕ ਤਾਜ਼ਾ ਪਾਸਪੋਰਟ ਸਾਈਜ਼ ਫੋਟੋ।

(ਗ) **OTR ਫਾਰਮ ਅਤੇ ਅਧਾਰ ਸੀਡਡ ਖਾਤਾ ਨੰਬਰ ਲਾਜ਼ਮੀ ਹਨ ਇਸ ਤੋਂ ਬਿਨ੍ਹਾਂ ਸਕਾਲਰਸ਼ਿਪ ਨਹੀਂ ਆਵੇਗੀ।**

**ਨੋਟ : ਆਮਦਨ ਸਰਟੀਫਿਕੇਟ ਤਹਿਸੀਲ ਦੁਆਰਾ ਬਣਿਆ ਹੋਇਆ ਇਸ ਸੈਸ਼ਨ ਵਿੱਚ ਹੀ ਬਣਿਆ ਹੋਇਆ ਮੰਨਣ ਯੋਗ ਹੋਵੇਗਾ।**

**SC/OBC ਵਿਦਿਆਰਥੀ ਪੰਜਾਬ ਸਕਾਲਰਸ਼ਿਪ ਜਾਂ ਡਾ. ਅੰਬੇਦਕਰ ਪੋਰਟਲ ਰਾਹੀਂ ਖੁਦ ਸਕਾਲਰਸ਼ਿਪ ਫਾਰਮ ਅਪਲਾਈ ਕਰ ਸਕਦੇ ਹਨ ਘੱਟ ਗਿਣਤੀ ਵਰਗ ਨਾਲ ਸੰਬੰਧਿਤ ਵਿਦਿਆਰਥੀ ਨੈਸ਼ਨਲ ਸਕਾਲਰਸ਼ਿਪ (NSP) ਪੋਰਟਲ ਰਾਹੀਂ ਸਕਾਲਰਸ਼ਿਪ ਫਾਰਮ ਅਪਲਾਈ ਕਰ ਸਕਦੇ ਹਨ। ਕਿਸੇ ਵੀ ਤਰ੍ਹਾਂ ਦੀ ਸਮੱਸਿਆ ਆਉਣ ਤੇ ਨੋਡਲ ਅਫਸਰ ਦੇ ਫੋਨ ਨੰ: 84272-94700 ਅਤੇ ਸਹਾਇਕ ਦੇ ਫੋਨ ਨੰ: 94171-04135, 98723-24868 ਤੇ ਸੰਪਰਕ ਕਰ ਸਕਦੇ ਹਨ।**

# ਸੈਸ਼ਨ 2025-26 ਦੌਰਾਨ ਗਰਮੀ, ਪਤਝੜ, ਸਰਦੀ ਦੀਆਂ ਛੁੱਟੀਆਂ ਅਤੇ ਦਾਖ਼ਲਿਆਂ ਦੀਆਂ ਮਿਤੀਆਂ ਦਾ ਵੇਰਵਾ

## ਗਰਮੀ ਅਤੇ ਸਰਦੀ ਦੀਆਂ ਛੁੱਟੀਆਂ

1. ਗਰਮੀਆਂ ਦੀਆਂ ਛੁਟੀਆਂ 09-06-2025 ਤੋਂ 12-07-2025
3. ਸਰਦੀ ਦੀਆਂ ਛੁੱਟੀਆਂ 26-12-2025 ਤੋਂ 10-01-2026

**ਅੰਡਰ ਗ੍ਰੈਜੂਏਟ ਕੋਰਸਾਂ (U.G.) ਦੇ ਐਂਟਰੀ ਪੁਆਇੰਟ ਦਾਖ਼ਲੇ ਲਈ ਲੇਟ ਦਾਖ਼ਲਾ ਫੀਸ ਦਾ ਸ਼ਡਿਊਲ**

| | | |
|---|---|---|
| 1 | 01-08-2025 ਤੋਂ 11-08-2025 ਤੱਕ | 500/- ਰੁ: ਲੇਟ ਫੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ। |
| 2 | 12-08-2025 ਤੋਂ 18-08-2025 ਤੱਕ | 1000/- ਰੁ: ਲੇਟ ਫੀਸ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ। |
| 3 | 19-08-2025 ਤੋਂ 25-08-2025 ਤੱਕ | 1500/- ਰੁ: ਲੇਟ ਫੀਸ ਅਤੇ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ। |
| 4 | 26-08-2025 ਤੋਂ 15-09-2025 ਤੱਕ | 2000/- ਰੁ: ਲੇਟ ਫੀਸ ਅਤੇ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੇ ਵਿੱਚ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ। |

**ਪੋਸਟ ਗ੍ਰੈਜੂਏਟ ਕੋਰਸਾਂ (P.G.) ਦੇ ਐਂਟਰੀ ਪੁਆਇੰਟ ਦਾਖ਼ਲੇ ਲਈ ਲੇਟ ਦਾਖ਼ਲਾ ਫੀਸ ਦਾ ਸ਼ਡਿਊਲ**

| | | |
|---|---|---|
| 1 | 11-08-2025 ਤੋਂ 25-08-2025 ਤੱਕ | 500/- ਰੁ: ਲੇਟ ਫੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ। |
| 2 | 26-08-2025 ਤੋਂ 01-09-2025 ਤੱਕ | 1000/- ਰੁ: ਲੇਟ ਫੀਸ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ। |
| 3 | 02-09-2025 ਤੋਂ 08-09-2025 ਤੱਕ | 1500/- ਰੁ: ਲੇਟ ਫੀਸ ਅਤੇ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ। |
| 4 | 09-09-2025 ਤੋਂ 23-09-2025 ਤੱਕ | 2000/- ਰੁ: ਲੇਟ ਫੀਸ ਅਤੇ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ। |

**ਜਿਹੜੇ ਵਿਦਿਆਰਥੀ ਅਕਾਦਮਿਕ ਸੈਸ਼ਨ 2024-25 ਦੌਰਾਨ ਪੰਜਾਬ ਯੂਨੀ. ਪਟਿਆਲਾ ਤੋਂ ਕੋਈ ਵੀ ਕਲਾਸ ਜੋ ਕਿ ਸਲਾਨਾ/ਸਮੈਸਟਰ ਪ੍ਰਣਾਲੀ ਅਧੀਨ ਆਉਂਦੇ ਹਨ, ਪਾਸ ਕਰਨ ਉਪਰੰਤ ਅਗਲੀ ਕਲਾਸ /ਕੋਰਸ ਵਿੱਚ ਦਾਖਲਾ ਲੈਣਾ ਚਾਹੁੰਦੇ ਹੋ, ਉਨ੍ਹਾਂ ਵਿਦਿਆਰਥੀਆਂ ਲਈ ਸੈਸ਼ਨ 2025-26 ਦੇ ਦਾਖਲਿਆਂ ਦਾ ਸ਼ਡਿਊਲ (ਚਲਦੇ ਕੋਰਸਾਂ ਦੇ ਦਾਖਲੇ)**

| | | |
|---|---|---|
| 1 | ਨਤੀਜਾ ਘੋਸ਼ਿਤ ਹੋਣ ਦੀ ਮਿਤੀ ਤੋਂ 12 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ | ਬਿਨਾ ਲੇਟ ਫੀਸ ਦਾਖ਼ਲਾ |
| 2 | ਉਪਰੋਕਤ (1) ਤੋਂ ਅਗਲੇ 5 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ | 500/- ਰੁ: ਲੇਟ ਫੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ। |
| 3 | ਉਪਰੋਕਤ (2) ਤੋਂ ਅਗਲੇ 5 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ | 1000/- ਰੁ: ਲੇਟ ਫੀਸ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ। |
| 4 | ਉਪਰੋਕਤ (3) ਤੋਂ ਅਗਲੇ 5 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ | 2000/- ਰੁ: ਲੇਟ ਫੀਸ ਅਤੇ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ। |

**ਜਿੰਨਾਂ ਵਿਦਿਆਰਥੀਆਂ ਦੇ ਨਤੀਜੇ ਪੰਜਾਬੀ ਯੂਨੀਵਰਸਿਟੀ ਵੱਲੋਂ ਦੇਰੀ ਨਾਲ ਐਲਾਨੇ ਜਾਣਗੇ, ਉਨ੍ਹਾਂ ਨੂੰ ਅਗਲੀ ਕਲਾਸ ਵਿੱਚ ਦਾਖਲਾ 10 ਕੰਮ-ਕਾਜੀ ਦਿਨਾਂ ਵਿੱਚ ਇਸ ਸ਼ਰਤ ਤੇ ਦੇ ਦਿੱਤਾ ਜਾਵੇ ਕਿ ਨਤੀਜਾ ਰੁਕਣ ਵਿੱਚ ਵਿਦਿਆਰਥੀ ਦਾ ਆਪਣਾ ਕੋਈ ਕਸੂਰ ਨਾ ਹੋਵੇ।**

| | | | |
|---|---|---|---|
| (For UG Classes)<br>ਸਮੈਸਟਰ-1 ਦੀ ਅਵਧੀ | 28-07-2025<br>14-11-2025 | (For PG Classes)<br>ਸਮੈਸਟਰ-1 ਦੀ ਅਵਧੀ | 11-08-2025<br>14-11-2025 |
| ਸਮੈਸਟਰ-1 ਦੀਆਂ ਪ੍ਰੀਖਿਆਵਾਂ ਆਰੰਭ ਹੋਣ ਦੀ ਮਿਤੀ | 20-11-2025 | ਸਮੈਸਟਰ-1 ਦੀਆਂ ਪ੍ਰੀਖਿਆਵਾਂ ਆਰੰਭ ਹੋਣ ਦੀ ਮਿਤੀ | 20-11-2025 |
| ਸਮੈਸਟਰ-2 ਦੀ ਅਵਧੀ | 12-01-2026<br>24-04-2026 | ਸਮੈਸਟਰ-2 ਦੀ ਅਵਧੀ | 12-01-2026<br>24-04-2026 |
| ਸਮੈਸਟਰ-2 ਦੀਆਂ ਪ੍ਰੀਖਿਆਵਾਂ ਆਰੰਭ ਹੋਣ ਦੀ ਮਿਤੀ | 04-05-2026 | ਸਮੈਸਟਰ-2 ਦੀਆਂ ਪ੍ਰੀਖਿਆਵਾਂ ਆਰੰਭ ਹੋਣ ਦੀ ਮਿਤੀ | 04-05-2026 |

## ਬੱਸ ਪਾਸ ਸਹੂਲਤ

ਕਾਲਜ ਵਿੱਚ ਦਾਖ਼ਲ ਹੋ ਚੁੱਕੇ ਵਿਦਿਆਰਥੀਆਂ ਨੂੰ ਕਾਲਜ ਅਤੇ ਸਰਕਾਰ ਵੱਲੋਂ ਬੱਸ ਪਾਸ/ਰੇਲਵੇ ਪਾਸ ਸਹੂਲਤ ਦਿੱਤੀ ਹੋਈ ਹੈ। ਜਿਨ੍ਹਾਂ ਵਿਦਿਆਰਥੀਆਂ ਨੇ ਬੱਸ/ਰੇਲਵੇ ਪਾਸ ਬਣਵਾਉਣਾ ਹੈ, ਉਹ ਦਾਖਲੇ ਤੋਂ ਤੁਰੰਤ ਬਾਅਦ ਦਫ਼ਤਰ ਵਿੱਚੋਂ ਫ਼ਾਰਮ ਪ੍ਰਾਪਤ ਕਰਕੇ ਸੰਬੰਧਿਤ ਦਫ਼ਤਰ ਵਿੱਚ ਲੋੜੀਂਦੀ ਫੀਸ ਜਮ੍ਹਾਂ ਕਰਵਾ ਕੇ ਬੱਸ ਪਾਸ ਪ੍ਰਾਪਤ ਕਰ ਸਕਣਗੇ। ਬਗੈਰ ਬੱਸ ਪਾਸ ਤੋਂ ਜੇਕਰ ਬੱਸ ਵਾਲਿਆਂ ਨਾਲ ਕਿਸੇ ਵਿਦਿਆਰਥੀ ਦਾ ਤਕਰਾਰ ਹੋ ਜਾਂਦਾ ਹੈ ਤਾਂ ਕਾਲਜ ਇਸ ਲਈ ਜ਼ਿੰਮੇਵਾਰ ਨਹੀਂ ਹੋਵੇਗਾ।

## ਟਿਊਟੋਰੀਅਲ ਗਰੁੱਪ

ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਪਰਸਪਰ ਸੰਬੰਧਾਂ ਨੂੰ ਵਧੇਰੇ ਨਿੱਘਾ ਬਣਾਉਣ ਲਈ ਕਾਲਜ ਦੇ ਸਾਰੇ ਵਿਦਿਆਰਥੀਆਂ ਨੂੰ ਟਿਊਟੋਰੀਅਲ ਗਰੁੱਪਾਂ ਵਿੱਚ ਵੰਡ ਦਿੱਤਾ ਜਾਂਦਾ ਹੈ। ਹਰੇਕ ਗਰੁੱਪ ਦਾ ਇੰਚਾਰਜ ਇੱਕ ਅਧਿਆਪਕ ਹੁੰਦਾ ਹੈ। ਹਰ ਪੰਦਰਵਾੜੇ ਵਿੱਚ ਇੱਕ ਨਿਸ਼ਚਿਤ ਪੀਰੀਅਡ ਵਿੱਚ ਹਰੇਕ ਗਰੁੱਪ ਦੇ ਵਿਦਿਅਰਥੀ ਆਪਣੇ ਆਪਣੇ ਅਧਿਆਪਕ ਕੋਲ ਇਕੱਠੇ ਹੁੰਦੇ ਹਨ। ਪੀਰੀਅਡ ਵਿੱਚ ਉਹ ਆਪਣੀਆਂ ਮੁਸ਼ਕਲਾਂ ਸਾਝੀਆਂ ਕਰ ਸਕਦੇ ਹਨ, ਵਿਚਾਰ-ਵਟਾਂਦਰਾ ਕਰ ਸਕਦੇ ਹਨ ਤੇ ਉਹਨਾਂ ਨੂੰ ਆਪਣੀ ਪ੍ਰਤਿਭਾ ਨੂੰ ਪ੍ਰਗਟਾਉਣ ਦਾ ਮੌਕਾ ਵੀ ਮਿਲਦਾ ਹੈ। ਟਿਊਟਰ ਆਪਣੇ ਗਰੁੱਪ ਦੇ ਵਿਦਿਆਰਥੀਆਂ ਦੀਆਂ ਔਕੜਾਂ ਨੂੰ ਸੁਣਦਾ ਅਤੇ ਸੁਲਝਾਉਂਦਾ ਹੈ।

## ਛੁੱਟੀ ਸੰਬੰਧੀ ਨਿਯਮ

1. ਹਫ਼ਤੇ ਜਾਂ ਹਫ਼ਤੇ ਤੋਂ ਵੱਧ ਦੀ ਛੁੱਟੀ ਪਹਿਲਾਂ ਮਨਜ਼ੂਰ ਕਰਵਾਉਣੀ ਜਰੂਰੀ ਹੈ। ਅਚਾਨਕ ਬੀਮਾਰ ਹੋ ਜਾਣ ਜਾਂ ਕਿਸੇ ਜ਼ਰੂਰੀ ਕੰਮ ਦੀ ਹਾਲਤ ਵਿੱਚ ਛੁੱਟੀ ਬਾਅਦ ਵਿੱਚ ਮਨਜ਼ੂਰ ਕਰਵਾਈ ਜਾ ਸਕਦੀ ਹੈ।
2. ਪਿਤਾ ਜਾਂ ਸਰਪ੍ਰਸਤ ਦੇ ਤਸਦੀਕ ਕਰਨ ਤੋਂ ਬਿਨਾਂ ਛੁੱਟੀ ਮਨਜ਼ੂਰ ਨਹੀ ਕੀਤੀ ਜਾਵੇਗੀ।
3. ਜਿਹੜਾ ਵਿਦਿਆਰਥੀ ਕਿਸੇ ਵੀ ਵਿਸ਼ੇ ਵਿੱਚ ਲਗਾਤਾਰ ਦਸ ਦਿਨ ਗ਼ੈਰ ਹਾਜ਼ਰ ਰਹਿੰਦਾ ਹੈ ਅਤੇ ਛੁੱਟੀ ਵੀ ਨਹੀਂ ਲੈਂਦਾ, ਉਸ ਦਾ ਨਾਂ ਕਾਲਜ ਰਿਕਾਰਡ ਵਿੱਚੋਂ ਕੱਟਿਆ ਜਾ ਸਕਦਾ ਹੈ।
4. ਬੀਮਾਰੀ ਸਬੰਧੀ ਛੁੱਟੀ ਦੀ ਅਰਜ਼ੀ ਨਾਲ ਉਚਿੱਤ ਡਾਕਟਰੀ ਸਰਟੀਫਿਕੇਟ ਭੇਜਣਾ ਜਰੂਰੀ ਹੈ।
5. ਗੈਰ-ਹਾਜ਼ਰ ਵਿਦਿਆਰਥੀ ਨੂੰ ਹੇਠ ਲਿਖੇ ਅਨੁਸਾਰ ਜੁਰਮਾਨਾ ਕੀਤਾ ਜਾਵੇਗਾ।

**ਕਾਲਜ ਅਤੇ ਯੂਨੀਵਰਸਿਟੀ ਦੇ ਰੂਲ ਰੇਗੂਲੇਸ਼ਨ ਨਾਂ ਮੰਨਣ ਵਾਲੇ ਵਿਦਿਆਰਥੀ ਨੂੰ ਨਿਯਮਾਂ ਅਨੁਸਾਰ ਬਣਦਾ ਜ਼ੁਰਮਾਨਾ ਲਗਾਇਆ ਜਾਂ ਸਕਦਾ ਹੈ ਜਾ ਫਿਰ ਕਾਲਜ ਵਿੱਚੋਂ ਨਾਮ ਵੀ ਕੱਟਿਆ ਜਾ ਸਕਦਾ ਹੈ।**






## ਕਾਲਜ ਕੈਂਪਸ

12 ਏਕੜ ਜ਼ਮੀਨ ਵਿੱਚ ਕੁਦਰਤੀ ਆਲੇ-ਦੁਆਲੇ ਵਿੱਚ, ਹਰਿਆਵਲ ਭਰੀ ਪ੍ਰਦੂਸ਼ਣ ਰਹਿਤ ਥਾਂ 'ਤੇ ਕਾਲਜ ਦੀ ਸ਼ਾਨਦਾਰ ਬਿਲਡਿੰਗ ਹੈ। ਖੇਡਾਂ ਲਈ ਵੱਖ-ਵੱਖ ਖੇਡ ਮੈਦਾਨ ਜਿਵੇਂ ਕਬੱਡੀ, ਖੋ-ਖੋ, ਬਾਲੀਵਾਲ, ਫੁੱਟਬਾਲ ਆਦਿ ਹਨ ਅਤੇ 400 ਮੀਟਰ ਦਾ ਟ੍ਰੈਕ ਹੈ। ਕਾਲਜ ਵਿੱਚ ਫੰਕਸ਼ਨ ਕਰਵਾਉਣ ਲਈ ਇੱਕ ਆਧੁਨਿਕ ਆਡੀਟੋਰੀਅਮ ਬਣ ਚੁੱਕਾ ਹੈ। ਅੰਗਹੀਣ, ਦਿਲ ਦੇ ਮਰੀਜ਼, ਕਮਜ਼ੋਰ ਵਿਦਿਆਰਥੀਆਂ ਲਈ ਪਹਿਲੀ ਮੰਜ਼ਿਲ 'ਤੇ ਆਉਣ-ਜਾਣ ਲਈ ਰੈਂਪ ਬਣਿਆ ਹੋਇਆ ਹੈ। ਨਿਗਰਾਨੀ ਲਈ ਥਾਂ-ਥਾਂ **C.C.T.V.** ਕੈਮਰੇ ਲਗਾਏ ਗਏ ਹਨ।

## ਕੰਪਿਊਟਰ ਲੈਬ

ਕਾਲਜ ਵਿੱਚ ਇੱਕ ਬਹੁਤ ਹੀ ਵਧੀਆ A.C. ਅਤੇ Wi-Fi ਕੰਪਿਊਟਰ ਲੈਬ ਹੈ, ਜਿਸ ਵਿੱਚ ਕੰਪਿਊਟਰ ਦੀਆਂ ਕਲਾਸਾਂ ਦੇ ਵਿਦਿਆਰਥੀਆਂ ਨੂੰ ਵੱਖ-ਵੱਖ Programming Languages ਸੰਬੰਧੀ ਪ੍ਰੈਕਟੀਕਲ ਸਿੱਖਿਆ ਦਿੱਤੀ ਜਾਂਦੀ ਹੈ ਕੰਪਿਊਟਰ ਲੈਬ ਵਿੱਚ LCD Projector ਦੀ ਸੁਵਿੱਧਾ ਵੀ ਉਪਲਬਧ ਹੈ।

## ਲਾਇਬਰੇਰੀ



ਕਾਲਜ ਵਿੱਚ ਸਾਰੇ ਵਿਸ਼ਿਆਂ ਨਾਲ ਸੰਬੰਧਤ ਪੁਸਤਕਾਂ ਨਾਲ ਭਰਪੂਰ ਲਾਇਬਰੇਰੀ ਹੈ। ਲੋੜ ਮੁਤਾਬਕ ਹਰ ਸਾਲ ਨਵੀਆਂ ਕਿਤਾਬਾਂ ਖਰੀਦੀਆਂ ਜਾਂਦੀਆਂ ਹਨ ਇਸ ਵਿੱਚ ਅਖਬਾਰਾਂ, ਰਸਾਲਿਆਂ ਅਤੇ ਆਮ ਅਧਿਐਨ ਲਈ ਵਿਸ਼ਾਲ ਰੀਡਿੰਗ ਹਾਲ ਹੈ। ਵਿਦਿਆਰਥੀ ਵੱਧ ਤੋਂ ਵੱਧ 2 ਪੁਸਤਕਾਂ ਲਾਇਬਰੇਰੀ ਵਿੱਚੋਂ 15 ਦਿਨ ਲਈ ਪ੍ਰਾਪਤ ਕਰ ਸਕਦਾ ਹੈ।

1. ਦਾਖਲੇ ਦੇ ਪਿੱਛੋਂ ਹਰ ਵਿਦਿਆਰਥੀ ਨੂੰ ਪੁਸਤਕਾਂ ਕਢਵਾਉਣ ਲਈ Lib-Cum I/Card ਦਿੱਤਾ ਜਾਵੇਗਾ ਜਿਸ ਵਿੱਚ ਪੁਸਤਕਾਂ ਪ੍ਰਾਪਤ ਕਰਨ ਸੰਬੰਧੀ ਨਿਯਮ ਦਿੱਤੇ ਗਏ ਹਨ।
2. ਅਕਾਦਮਿਕ ਸੈਸ਼ਨ ਸਮਾਪਤ ਹੋਣ ਤੋਂ ਬਾਅਦ ਵਿਦਿਆਰਥੀ ਇਹ ਕਾਰਡ ਰੱਦ ਕਰਵਾਉਣਗੇ।
3. ਗੁੰਮ ਹੋਣ ਦੀ ਸੂਰਤ ਵਿੱਚ ਕਾਰਡ ਦੁਬਾਰਾ ਜਾਰੀ ਕਰਵਾਉਣ ਲਈ ਨਿਯਮਾਂ ਅਨੁਸਾਰ ਪੈਸੇ ਜਮ੍ਹਾਂ ਕਰਵਾਉਣੇ ਪੈਣਗੇ।
4. ਲਾਇਬਰੇਰੀ-ਕਮ ਸ਼ਨਾਖਤੀ ਕਾਰਡ ਹਰ ਸਮੇਂ ਵਿਦਿਆਰਥੀ ਨੂੰ ਆਪਣੇ ਪਾਸ ਰੱਖਣਾ ਜ਼ਰੂਰੀ ਹੈ। ਬਗੈਰ ਸ਼ਨਾਖਤੀ ਕਾਰਡ ਵਾਲੇ ਵਿਦਿਆਰਥੀ ਨੂੰ ਜੁਰਮਾਨਾ ਕੀਤਾ ਜਾਵੇਗਾ।

## ਕਾਲਜ ਕੰਟੀਨ




ਕਾਲਜ ਵਿੱਚ ਵਿਦਿਆਰਥੀਆਂ ਨੂੰ ਖਾਣ-ਪੀਣ ਦੀਆਂ ਸਾਫ਼ ਸੁਥਰੀਆਂ ਚੀਜ਼ਾਂ ਵਾਜਬ ਕੀਮਤਾਂ ਉੱਤੇ ਮੁਹੱਈਆ ਕਰਵਾਉਣ ਲਈ ਕੰਟੀਨ ਕਮੇਟੀ ਦੀ ਨਿਗਰਾਨੀ ਹੇਠ ਕਾਲਜ ਵਿੱਚ ਕੰਟੀਨ ਚਲਾਈ ਜਾ ਰਹੀ ਹੈ । ਕਿਸੇ ਸ਼ਿਕਾਇਤ ਦੀ ਹਾਲਤ ਵਿੱਚ ਕੰਟੀਨ ਕਮੇਟੀ ਦੇ ਮੈਂਬਰਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਵਜ਼ੀਫਿਆਂ ਸੰਬੰਧੀ

ਕਾਲਜ ਵਿੱਚ SC/OBC ਤੋਂ ਇਲਾਵਾ ਘੱਟ ਗਿਣਤੀ (ਸਿੱਖ, ਇਸਾਈ, ਮੁਸਲਮਾਨ, ਬੋਧੀ, ਜੈਨੀ) ਅਤੇ ਗਰੀਬ ਵਿਦਿਆਰਥੀਆਂ ਲਈ ਇੱਕ ਵੱਖਰਾ ਸਕਾਲਰਸ਼ਿਪ ਸੈੱਲ ਸਥਾਪਤ ਕੀਤਾ ਗਿਆ ਹੈ। ਜਿਸ ਵਿੱਚ ਯੋਗ ਵਿਦਿਆਰਥੀ ਵਜ਼ੀਫੇ ਸਬੰਧੀ ਸ਼ਰਤਾਂ ਪੂਰੀਆਂ ਕਰਕੇ ਵਜ਼ੀਫਾ ਪ੍ਰਾਪਤ ਕਰ ਸਕਦੇ ਹਨ।

**ਬਾਬਾ ਨਾਨਕ ਐਜ਼ੂਕੇਸ਼ਨਲ ਸੁਸਾਇਟੀ ਅਤੇ ਸਾਂਝ ਸੰਸਥਾ ਵੱਲੋਂ ਵਜ਼ੀਫੇ :-** ਕਾਲਜ ਨੂੰ ਚਲਾਉਣ ਵਾਲੀ ਸੰਸਥਾ ਬਾਬਾ ਨਾਨਕ ਐਜ਼ੂਕੇਸ਼ਨਲ ਸੁਸਾਇਟੀ ਚੰਡੀਗੜ੍ਹ ਵੱਲੋਂ ਉਹਨਾਂ ਵਿਦਿਆਰਥੀਆਂ ਨੂੰ ਪੜ੍ਹਾਈ ਜਾਰੀ ਰੱਖਣ ਲਈ ਵਜ਼ੀਫ਼ੇ ਦਿੱਤੇ ਜਾਂਦੇ ਹਨ, ਜਿਨ੍ਹਾਂ ਦੇ ਮਾਤਾ/ਪਿਤਾ ਨੇ ਬਦਕਿਸਮਤੀ ਨਾਲ ਆਰਥਿਕ ਤੰਗੀ ਦੇ ਕਾਰਨ ਆਤਮ-ਹੱਤਿਆ ਕਰ ਲਈ ਹੋਵੇ।

## ਵਿਸ਼ੇਸ਼ ਧਿਆਨ ਯੋਗ

**ਕਾਲਜ 'ਚ ਵਜ਼ੀਫਿਆਂ ਲਈ ਵੱਖਰਾ ਆਫਿਸ ਖੋਲ੍ਹਿਆ ਗਿਆ ਹੈ। ਇਸ ਲਈ ਇਲਾਕੇ ਦੇ ਸਾਰਿਆਂ ਕਾਲਜਾਂ ਨਾਲੋਂ ਕਈ ਗੁਣਾ ਵੱਧ ਵਜ਼ੀਫੇ ਸਾਡੇ ਕਾਲਜ ਦੇ ਵਿਦਿਆਰਥੀਆਂ ਨੂੰ ਪ੍ਰਾਪਤ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਹੈ।**

## ਫ਼ੀਸ ਮੁਆਫੀ

1. ਇੱਕ ਹੀ ਪਰਿਵਾਰ ਦੇ ਦੋ ਸਕੇ ਭੈਣ-ਭਰਾਵਾਂ ਜਾਂ ਭਰਾਵਾਂ 'ਚੋਂ ਹੇਠਲੀ ਕਲਾਸ ਦੇ ਇੱਕ ਵਿਦਿਆਰਥੀ ਦੀ 1000/- ਰੁਪਏ ਫ਼ੀਸ ਮੁਆਫ ਕੀਤੀ ਜਾਵੇਗੀ। ਇਹ ਛੋਟ ਆਖਰੀ ਕਿਸ਼ਤ ਉੱਤੇ ਦਿੱਤੀ ਜਾਵੇਗੀ।
2. ਇਸ ਸੰਬੰਧ ਵਿੱਚ ਅਰਜ਼ੀ ਨਿਰਧਾਰਿਤ ਫ਼ਾਰਮ ਉੱਤੇ ਦੇਣੀ ਪਵੇਗੀ, ਜਿਸ ਉੱਤੇ ਪਿਤਾ ਜਾਂ ਸਰਪ੍ਰਸਤ ਦੇ ਪ੍ਰਤਿ ਹਸਤਾਖਰ ਕੀਤੇ ਹੋਣੇ ਚਾਹੀਦੇ ਹਨ।
3. ਫ਼ੀਸ ਕੇਵਲ ਉਸੇ ਹਾਲਤ ਵਿੱਚ ਮੁਆਫ਼ ਰਹਿ ਸਕਦੀ ਹੈ ਜੇਕਰ ਵਿਦਿਆਰਥੀ ਲੈਕਚਰਾਂ ਵਿੱਚ ਬਕਾਇਦਾ ਹਾਜ਼ਰ ਰਹਿੰਦਾ ਹੈ, ਪੜ੍ਹਾਈ ਵਿੱਚ ਸੰਤੋਸ਼ਜਨਕ ਪ੍ਰਗਤੀ ਦਿਖਾਉਂਦਾ ਹੈ ਅਤੇ ਕਾਲਜ ਦੀਆਂ ਘਰੇਲੂ ਪ੍ਰੀਖਿਆਵਾਂ ਵਿੱਚ ਚੰਗੇ ਨੰਬਰ ਪ੍ਰਾਪਤ ਕਰਦਾ ਹੈ। ਉਸ ਵਿਦਿਆਰਥੀ ਤੋਂ ਫ਼ੀਸ ਮੁਆਫੀ ਵਾਪਿਸ ਲਈ ਜਾ ਸਕਦੀ ਹੈ, ਜਿਸ ਦੇ ਵਿਵਹਾਰ ਬਾਰੇ ਕਾਲਜ ਦੇ ਕਿਸੇ ਅਧਿਕਾਰੀ ਜਾਂ ਵਿਦਿਆਰਥੀਆਂ ਨੂੰ ਸ਼ਿਕਾਇਤ ਹੋਵੇ ਜਾਂ ਉਹ ਪੜ੍ਹਾਈ ਵਿੱਚ ਬੇਨਿਯਮੀ ਅਤੇ ਅਣਗਹਿਲੀ ਕਰਦਾ ਹੋਵੇ। ਕਿਸੇ ਵੀ ਤਰ੍ਹਾਂ ਦੇ ਵਜ਼ੀਫੇ ਬਾਰੇ ਵੀ ਇਹੋ ਨਿਯਮ ਲਾਗੂ ਹੋਵੇਗਾ।



## ਕਾਲਜ ਕੈਂਪਸ ਵਿੱਚ ਹੇਠ ਲਿਖੀਆਂ ਸੁਸਾਇਟੀਆਂ ਅਤੇ ਕਲੱਬ ਚੱਲ ਰਹੇ ਹਨ :-

(1) ਸੱਭਿਆਚਾਰਕ ਸੁਸਾਇਟੀ
(2) ਪੰਜਾਬੀ ਸਾਹਿਤ ਸਭਾ
(3) ਹਿੰਦੀ ਸਾਹਿਤ ਪਰਿਸ਼ਦ
(4) ਇੰਗਲਿਸ਼ ਲਿਟਰੇਰੀ ਸੁਸਾਇਟੀ
(5) ਐਨ. ਐਸ. ਐਸ.
(6) ਐਨ. ਸੀ. ਸੀ.
(7) ਪਲੇਸਮੈਂਟ ਸੈੱਲ
(8) ਰੈੱਡ ਰਿਬਨ ਕਲੱਬ
(9) ਸਪੋਰਟਸ ਕਲੱਬ
(10) ਬੁੱਕ ਬੈਂਕ
(11) ਵੂਮੈਨ ਸੈੱਲ
(12) ਸਕਾਲਰਸ਼ਿਪ ਸੈੱਲ
(13) ਗਾਰਡਨਿੰਗ ਕਲੱਬ

## ਸੱਭਿਆਚਾਰਕ ਸੁਸਾਇਟੀ

ਕਾਲਜ,ਅੰਤਰ-ਕਾਲਜ ਅਤੇ ਯੂਨੀਵਰਸਿਟੀ ਵੱਲੋਂ ਹੋਣ ਵਾਲੀਆਂ ਸਾਰੀਆਂ ਸਭਿਆਚਾਰਕ ਗਤੀਵਿਧੀਆਂ ਦੇ ਯੋਗ ਸੰਚਾਲਨ ਵਿਚ ਇਹ ਸੁਸਾਇਟੀ ਅਹਿਮ ਰੋਲ ਅਦਾ ਕਰਦੀ ਹੈ। ਵਿਦਿਆਰਥੀਆਂ ਦੀ ਸ਼ਖਸੀਅਤ ਦੇ ਬਹੁਪੱਖੀ ਵਿਕਾਸ ਲਈ, ਉਹਨਾਂ ਦੀ ਪ੍ਰਤਿਭਾ ਨਿਖਾਰਨ, ਸਵੈ-ਵਿਸ਼ਵਾਸ ਪੈਦਾ ਕਰਨ ਲਈ ਕਾਲਜ ਵਿਚ ਸਮੇਂ-ਸਮੇਂ ਵੱਖ-ਵੱਖ ਸਭਿਆਚਾਰਕ ਸਰਗਰਮੀਆਂ ਦਾ ਆਯੋਜਨ ਕੀਤਾ ਜਾਂਦਾ ਹੈ। ਪ੍ਰੋ. ਬਲਕਾਰ ਸਿੰਘ ਸੱਭਿਆਚਾਰਕ ਗਤੀਵਿਧੀਆਂ ਦੇ ਇੰਚਾਰਜ਼ ਹਨ।

## ਪੰਜਾਬੀ ਸਾਹਿਤ ਸਭਾ



ਵਿਦਿਆਰਥੀਆਂ ਦੀ ਸਾਹਿਤ ਵਿੱਚ ਰੁਚੀ ਪੈਦਾ ਕਰਨ, ਉਹਨਾਂ ਨੂੰ ਪੰਜਾਬੀ ਸਾਹਿਤ ਸਰਗਰਮੀਆਂ ਨਾਲ ਜੋੜੀ ਰੱਖਣ, ਉਹਨਾਂ ਦੀ ਸਿਰਜਣਾਤਮਕ ਪ੍ਰਤਿਭਾ ਨੂੰ ਨਿਖਾਰਨ ਅਤੇ ਪ੍ਰਬੰਧਕੀ ਯੋਗਤਾ ਵਿਕਸਤ ਕਰਨ ਲਈ ਪੰਜਾਬੀ ਸਾਹਿਤ ਸਭਾ ਦਾ ਗਠਨ ਕੀਤਾ ਜਾਂਦਾ ਹੈ ਜਿਸਦੇ ਅਹੁਦੇਦਾਰ ਵਿਦਿਆਰਥੀਆਂ ਵਿੱਚੋਂ ਚੁਣੇ ਜਾਂਦੇ ਹਨ। ਇਹ ਸਾਹਿਤ ਸਭਾ ਵੱਲੋਂ ਵਿਦਵਾਨਾਂ ਅਤੇ ਲੇਖਕਾਂ ਨੂੰ ਬੁਲਾਇਆਜਾਂਦਾ ਹੈ ਤੇ ਸਮੇਂ ਸਮੇਂ ਤੇ ਹੋਰ ਵੀ ਸਾਹਿਤਕ ਸਰਗਰਮੀਆਂ ਜਿਵੇਂ ਵਾਦ-ਵਿਵਾਦ, ਕਵਿਤਾ ਉਚਾਰਣ ਅਤੇ ਭਾਸ਼ਣ ਪ੍ਰਤੀਯੋਗਤਾਵਾਂਕਰਵਾਈਆਂ ਜਾਂਦੀਆਂ ਹਨ। ਪ੍ਰੋ. ਕੁਲਵਿੰਦਰ ਸਿੰਘ/ ਪ੍ਰੋ. ਬਲਕਾਰ ਸਿੰਘ ਪੰਜਾਬੀ ਸਾਹਿਤ-ਸਭਾ ਦੇ ਇੰਚਾਰਜ਼ ਹਨ।

## ਹਿੰਦੀ ਸਾਹਿਤ ਪਰਿਸ਼ਦ

ਡਾ. ਰੀਟਾ ਰਾਵਤ (ਹਿੰਦੀ ਵਿਭਾਗ ਦੇ ਮੁੱਖੀ) ਦੀ ਦੇਖ-ਰੇਖ ਹੇਠ ਹਿੰਦੀ ਪੜ੍ਹਨ ਵਾਲੇ ਵਿਦਿਆਰਥੀਆਂ ਦੁਆਰਾ ਹਿੰਦੀ ਸਾਹਿਤ ਪਰਿਸ਼ਦ ਦਾ ਗਠਨ ਕੀਤਾ ਜਾਂਦਾ ਹੈ, ਜਿਸਦੀ 11 ਮੈਂਬਰੀ ਕਾਰਜਕਾਰੀ ਕਮੇਟੀ ਹੁੰਦੀ ਹੈ। ਇਹ ਪਰਿਸ਼ਦ ਕਾਲਜ ’ਚ ਹਿੰਦੀ ’ਚ ਭਾਸ਼ਣ, ਕਵਿਤਾ, ਗੀਤ, ਵਾਦ-ਵਿਵਾਦ ਆਦਿ ਮੁਕਾਬਲੇ ਕਰਵਾਉਂਦੀ ਹੈ ਅਤੇ 14 ਸਤੰਬਰ ਨੂੰ ਹਿੰਦੀ ਦਿਵਸ ਮਨਾਉਂਦੀ ਹੈ।

## English Literary Society

English dept of the college constitutes English Literary society. Office bearers of the society are chosen from the English literature students. This society aims to develop organizational, writing and communication skills and its main object is to inculcate reading habit in the students through inter-class debate, declamation, poetical recitation and paper writing competitons. These events are held on regular basis.

## ਐਨ. ਐਸ. ਐਸ.

ਭਾਰਤ ਸਰਕਾਰ ਦੀ ਕੌਮੀ ਸੇਵਾ ਯੋਜਨਾ ਦੇ ਅਧੀਨ ਕਾਲਜ ਵਿਚ ਐਨ.ਐਸ.ਐਸ. ਦੋ ਯੂਨਿਟ ਕਾਰਜਸ਼ੀਲ ਹਨ। ਡਾ. ਰੀਟਾ ਰਾਵਤ ਅਤੇ ਪ੍ਰੋ. ਕੁਲਵਿੰਦਰ ਸਿੰਘ ਇਨ੍ਹਾਂ ਯੂਨਿਟ ਦੇ ਪ੍ਰੋਗਰਾਮ ਅਫ਼ਸਰ ਹਨ। ਇਸ ਸਾਲ ਐਨ.ਐਸ.ਐਸ. ਦੇ ਦੋ ਇੱਕ ਰੋਜ਼ਾ ਅਤੇ ਇੱਕ ਸੱਤ ਰੋਜ਼ਾ ਕੈਂਪ ਲਾਏ ਗਏ ਹਨ। ਸੱਤ-ਰੋਜ਼ਾ ਕੈਂਪ ਦੇ ਦੌਰਾਨ ਪਰਾਲੀ ਸਾੜਨ ਦੇ ਵਿਰੁੱਧ ਚੇਤੰਨਤਾ ਪੈਦਾ ਕਰਨ ਲਈ ਲਾਗਲੇ ਪਿੰਡਾਂ ਵਿਚ ਚੇਤਨਾ ਰੈਲੀਆਂ ਕੱਢੀਆਂ ਗਈਆਂ। ਡੇਂਗੂ ਦੀ ਰੋਕਥਾਮ ਅਤੇ ਡਰੱਗ ਅਬਿਊਜ਼ ਬਾਰੇ ਵੀ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਐਨ.ਐਸ.ਐਸ. ਵਲੰਟੀਅਰਜ ਕਾਲਜ ਦੇ ਆਲੇ-ਦੁਆਲੇ ਨੂੰ ਸੰਵਾਰਨ ਅਤੇ ਸਮਾਜ-ਉਸਾਰੀ ਦੇ ਕੰਮਾਂ ਵਿੱਚ ਵੱਧ ਚੜ੍ਹਕੇ ਹਿੱਸਾ ਲੈਂਦੇ ਹਨ।

## ਐਨ. ਸੀ. ਸੀ.

ਕਾਲਜ ਵਿੱਚ 14 ਪੰਜਾਬ ਬਟਾਲੀਅਨ ਦਾ ਐਨ.ਸੀ.ਸੀ. (ਆਰਮੀ ਵਿੰਗ) ਚੱਲ ਰਿਹਾ ਹੈ ਜਿਸ ਵਿੱਚ ਕੁੱਲ ਸੀਟਾਂ ਦੀ ਗਿਣਤੀ 54 ਹੈ ਹਰ ਸਾਲ 18 ਨਵੇਂ ਵਿਦਿਆਰਥੀਆਂ ਨੂੰ ਯੋਗਤਾ ਦੇ ਅਧਾਰ ਤੇ ਐਨ.ਸੀ.ਸੀ. ਵਿੱਚ ਭਰਤੀ ਕੀਤਾ ਜਾਵੇਗਾ ਜਿਨ੍ਹਾਂ ਵਿੱਚ 25% ਸੀਟਾਂ ਲੜਕੀਆਂ ਲਈ ਰਾਖਵੀਆਂ ਹਨ। **ਵਧੇਰੇ ਜਾਣਕਾਰੀ ਲਈ ਵਿਦਿਆਰਥੀ ਐਨ. ਸੀ. ਸੀ. ਇੰਚਾਰਜ ਪ੍ਰੋ: ਅਮਨਦੀਪ ਸਿੰਘ ਨਾਲ ਸੰਪਰਕ ਕਰ ਸਕਦੇ ਹਨ।**

## ਪਲੇਸਮੈਂਟ ਸੈੱਲ

ਕਾਲਜ ਵਿੱਚ ਪ੍ਰੋ. ਸੁਖਜਿੰਦਰ ਕੌਰ, ਪ੍ਰੋ. ਮਨਪ੍ਰੀਤ ਕੌਰ, ਪ੍ਰੋ: ਗੁਰਪ੍ਰੀਤ ਸਿੰਘ ਦੀ ਅਗਵਾਈ ਵਿੱਚ ਪਲੇਸਮੈਂਟ ਸੈੱਲ ਬਣਾਇਆ ਗਿਆ ਹੈ ਤਾਂ ਕਿ ਵਿਦਿਆਰਥੀਆਂ ਨੂੰ ਰੁਜ਼ਗਾਰ ਦੇ ਮੌਕਿਆਂ ਬਾਰੇ ਜਾਣਕਾਰੀ ਦਿੱਤੀ ਜਾ ਸਕੇ। ਰੁਜ਼ਗਾਰ ਸੰਬੰਧੀ ਅਖਬਾਰਾਂ ਵਿੱਚ ਆਉਣ ਵਾਲੇ ਇਸ਼ਤਿਹਾਰਾਂ ਨੂੰ ਨੋਟਿਸ ਬੋਰਡ ਤੇ ਲਗਾਇਆ ਜਾਂਦਾ ਹੈ ਅਤੇ ਹਰ ਤਰ੍ਹਾਂ ਦੀ ਜਾਣਕਾਰੀ ਪ੍ਰਦਾਨ ਕੀਤੀ ਜਾਂਦੀ ਹੈ।

## ਰੈੱਡ ਰਿੱਬਨ ਕਲੱਬ

ਏਡਜ਼ ਵਰਗੀਆਂ ਬਿਮਾਰੀਆਂ ਦੀ ਰੋਕਥਾਮ ਤੇ ਚੇਤੰਨਤਾ ਪੈਦਾ ਕਰਨ ਲਈ ਰੈੱਡ ਰਿਬਨ ਕਲੱਬ ਦਾ ਗਠਨ ਕੀਤਾ ਗਿਆ ਹੈ। ਪ੍ਰੋ. ਸੁਖਜਿੰਦਰ ਕੌਰ ਅਤੇ ਪ੍ਰੋ. ਕੁਲਵਿੰਦਰ ਸਿੰਘ ਇਸ ਦੇ ਇੰਚਾਰਜ ਹਨ ਇਸ ਕਲੱਬ ਦੁਆਰਾ HIV ਏਡਜ਼ ਬਾਰੇ ਚੇਤੰਨਤਾ ਵਿਸ਼ੇ ਤੇ ਭਾਸ਼ਣ, ਪੋਸਟਰ ਮੇਕਿੰਗ ਅਤੇ ਵਿਚਾਰ-ਵਟਾਂਦਰੇ ਰਾਹੀਂ ਸਿਹਤ ਨਾਲ ਜੁੜੇ ਵੱਖ-ਵੱਖ ਪੱਖਾਂ ਬਾਰੇ ਵਿਦਿਆਰਥੀਆਂ ਅੰਦਰ ਚੇਤੰਨਤਾ ਪੈਦਾ ਕੀਤੀ ਜਾਂਦੀ ਹੈ। ਪ੍ਰਿੰਸੀਪਲ ਅਮਨਦੀਪ ਸਿੰਘ ਨੇ ਇਸ ਗੱਲ ਉਤੇ ਜ਼ੋਰ ਦਿੱਤਾ ਕਿ ਏਡਜ਼ ਬਾਰੇ ਖੁੱਲ੍ਹ ਕੇ ਚਰਚਾ ਹੋਣੀ ਚਾਹੀਂਦੀ ਹੈ ਤਾਂ ਕਿ ਆਮ ਵਿਅਕਤੀ ਨੂੰ ਵੀ ਇਸਦੇ ਗੰਭੀਰ ਨਤੀਜਿਆਂ ਬਾਰੇ ਜਾਣਕਾਰੀ ਹੋ ਸਕੇ। ਪੀੜਤ ਵਿਅਕਤੀ ਸਮੇਂ ਸਿਰ ਡਾਕਟਰੀ ਸਹਾਇਤਾ ਪ੍ਰਾਪਤ ਕਰ ਸਕਣ ਇਸ ਤਰ੍ਹਾਂ ਬਿਮਾਰੀ ਨੂੰ ਅੱਗੇ ਫੈਲਣ ਤੋਂ ਰੋਕਣ ਵਿੱਚ ਵੀ ਸਹਾਇਤਾ ਮਿਲੇਗੀ। ਨਸ਼ਿਆਂ ਤੋਂ ਬਚਾਅ, ਖੂਨ ਲੈਣ ਜਾਂ ਚੜ੍ਹਾਉਣ ਵੇਲੇ ਵਰਤੀ ਗਈ ਸਾਵਧਾਨੀ ਸਾਨੂੰ ਵੱਡੇ ਸੰਕਟ ਤੋਂ ਬਚਾਅ ਸਕਦੀ ਹੈ।

## ਸਪੋਰਟਸ ਕਲੱਬ

ਖੇਡਾਂ ਵਿੱਚ ਰੁਚੀ ਪੈਦਾ ਕਰਨ 'ਤੇ ਖੇਡ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਵਿਦਿਆਰਥੀਆਂ ਨੂੰ ਉਤਸ਼ਾਹਤ ਕਰਨ ਲਈ ਸਪੋਰਟਸ ਕਲੱਬ ਦਾ ਗਠਨ ਕੀਤਾ ਗਿਆ ਹੈ। ਯੂਨੀਵਰਸਿਟੀ ਵੱਲੋਂ ਸਮੇਂ-ਸਮੇਂ ਕਰਵਾਏ ਜਾਂਦੇ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਇਹ ਕਲੱਬ ਵਿਦਿਆਰਥੀਆਂ ਨੂੰ ਜਾਣਕਾਰੀ ਦਿੰਦਾ ਹੈ ਤੇ ਵਿਦਿਆਰਥੀਆਂ ਨੂੰ ਇਹਨਾਂ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਲੈ ਕੇ ਜਾਣ ਦੇ ਪ੍ਰਬੰਧ ਦੀ ਜਿੰਮੇਵਾਰੀ ਨਿਭਾਉਂਦੀ ਹੈ,। ਪ੍ਰੋ. ਸੁਖਦੀਪ ਸਿੰਘ ਇਸਦੇ ਇੰਚਾਰਜ ਹਨ।

## ਬੁੱਕ ਬੈਂਕ

ਕਾਲਜ ਵਿੱਚ ਬੁੱਕ ਬੈਂਕ ਸਥਾਪਿਤ ਕੀਤਾ ਗਿਆ ਹੈ। ਵਿਦਿਆਰਥੀਆਂ ਨੂੰ ਅਪੀਲ ਹੈ ਕਿ ਉਹ ਆਪਣੀਆਂ ਪਿਛਲੀ ਕਲਾਸ ਦੀਆਂ ਟੈਕਸਟ ਬੁੱਕਸ ਇਸ ਬੁੱਕ ਬੈਂਕ ਨੂੰ ਦੇਣ ਤਾਂ ਕਿ ਇਹ ਲੋੜਵੰਦ ਵਿਦਿਆਰਥੀਆਂ ਨੂੰ ਦਿੱਤੀਆਂ ਜਾ ਸਕਣ। ਇਸ ਸਬੰਧੀ ਵਿਦਿਆਰਥੀ ਲਾਇਬ੍ਰੇਰੀਅਨ ਮੈਡਮ ਨਾਲ ਸੰਪਰਕ ਕਰ ਸਕਦੇ ਹਨ।

## ਵੂਮੈਨ ਸੈੱਲ

ਕਾਲਜ ਵਿੱਚ ਲੜਕੀਆਂ/ਵੂਮੈਨ ਸਟਾਫ ਨਾਲ ਕਿਸੇ ਪ੍ਰਕਾਰ ਦੀ ਬਦਸਲੂਕੀ ਰੋਕਣ ਲਈ ਇੱਕ ਵੂਮੈਨ ਸੈੱਲ ਬਣਾਇਅ ਗਿਆ ਹੈ ਤਾਂ ਕਿ ਉਨ੍ਹਾਂ ਦੀਆਂ ਸ਼ਿਕਾਇਤਾਂ ਦਾ ਨਿਵਾਰਨ ਕੀਤਾ ਜਾ ਸਕੇ ਅਤੇ ਕੈਂਪਸ ਵਿੱਚ ਸੁਖਾਵਾਂ ਵਾਤਾਵਰਣ ਪੈਦਾ ਕੀਤਾ ਜਾ ਸਕੇ।

## ਈਕੋ ਕਲੱਬ

ਈਕੋ ਕਲੱਬ ਇੱਕ ਅਜਿਹਾ ਸੰਗਠਨ ਹੈ ਜਿਹੜੇ ਵਿਦਿਆਰਥੀਆਂ ਨੂੰ ਵਾਤਾਰਣ ਪ੍ਰਤੀ ਜਾਗਰੂਕ ਰੱਖਦਾ ਹੈ ਪੰਜਾਬੀ ਯੂਨੀ. ਵੱਲੋਂ ਸੈਸ਼ਨ 2023 ਤੋਂ ਇਹ ਕਲੱਬ ਬਣਾਇਆ ਗਿਆ ਹੈ ਜਿਹੜਾ ਕਿ ਵੱਖ-ਵੱਖ ਕਾਲਜਾਂ ਵਿੱਚ ਗਤੀਵਿਧੀਆਂ ਚਲਾ ਰਿਹਾ ਹੈ। ਸਾਡੇ ਕਾਲਜ ਵਿੱਚ ਡਾ. ਰੀਟਾ ਰਾਵਤ ਇਸਦੇ ਇੰਚਾਰਜ ਹਨ

## ਸਕਾਲਰਸ਼ਿਪ ਸੈੱਲ

ਕਾਲਜ ਵਿੱਚ ਵੱਖ ਵੱਖ ਸ਼੍ਰੇਣੀਆਂ ਅਧੀਨ ਮਿਲਣ ਵਾਲੇ ਵਜ਼ੀਫ਼ਿਆਂ ਬਾਰੇ ਵਿਦਿਅਰਥੀਆਂ ਨੂੰ ਜਾਣਕਾਰੀ ਦੇਣ ਲਈ ਅਤੇ ਵਜ਼ੀਫ਼ੇ ਪ੍ਰਾਪਤ ਕਰਨ ਵਿੱਚ ਉਹਨਾਂ ਦੀ ਮਦਦ ਕਰਨ ਲਈ ਕਾਲਜ ਵਿੱਚ ਬਾਕਾਇਦਾ ਸਕਾਲਰਸ਼ਿਪ ਸੈੱਲ ਸਥਾਪਤ ਕੀਤਾ ਗਿਆ ਹੈ। ਨੋਡਲ ਅਫਸਰ ਪ੍ਰੋ. ਅਮਨਦੀਪ ਸਿੰਘ ਅਤੇ ਉਹਨਾਂ ਦੇ ਸਹਾਇਕ SC ਅਤੇ ਮਨਿਓਰਟੀ ਸਕਾਲਰਸ਼ਿਪ ਲਈ ਜਸਵਿੰਦਰ ਸਿੰਘ ਅਤੇ ਪ੍ਰੋ. ਹਰਦੀਪ ਸਿੰਘ, ਨਿਸ਼ਕਾਮ ਸਕਾਲਰਸ਼ਿਪ ਲਈ ਪ੍ਰੋ. ਪੁਸ਼ਪਾ ਦੇਵੀ ਨੂੰ ਨਿਯੁਕਤ ਕੀਤਾ ਗਿਆ ਹੈ ਤਾਂ ਜੋ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਇਹਨਾਂ ਸਕੀਮਾਂ ਦਾ ਲਾਭ ਲੈਣ ਵਿੱਚ ਉਹਨਾਂ ਦੀ ਅਗਵਾਈ ਕਰਦੇ ਹਨ।

## ਗਾਰਡਨਿੰਗ ਕਲੱਬ

ਫੁੱਲ ਬੂਟੇ ਅਤੇ ਦਰੱਖਤ ਨਾ ਕੇਵਲ ਆਲੇ ਦੁਆਲੇ ਨੂੰ ਸੁੰਦਰ ਬਣਾਉਂਦੇ ਹਨ। ਸਗੋਂ ਵਾਤਾਵਰਣ ਨੂੰ ਪ੍ਰਦੂਸ਼ਣ ਰਹਿਤ ਵੀ ਬਣਾਉਂਦੇ ਹਨ ਇਸ ਮੰਤਵ ਨਾਲ ਕਾਲਜ ਵਿੱਚ ਗਾਰਡਨਿੰਗ ਕਲੱਬ ਦਾ ਗਠਨ ਕੀਤਾ ਗਿਆ ਹੈ। ਜਿਸ ਦੇ ਇੰਚਾਰਜ ਪ੍ਰੋ. ਗੁਰਪ੍ਰੀਤ ਸਿੰਘ ਹਨ। ਗਾਰਡਨਿੰਗ ਵਿੱਚ ਰੁਚੀ ਰੱਖਣ ਵਾਲੇ ਸਟਾਫ ਮੈਂਬਰ ਅਤੇ ਵਿਦਿਆਰਥੀ ਇਸਦੇ ਮੈਂਬਰ ਬਣ ਸਕਦੇ ਹਨ। ਇਸ ਸਾਲ ਕਾਲਜ ਵਿੱਚ ਤਿੰਨ ਏਕੜ ਰਕਬੇ ਵਿੱਚ ਰਾਊਂਡ ਗਲਾਸ ਫਾਊਂਡੇਸ਼ਨ ਦੇ ਸਹਿਯੋਗ ਨਾਲ ਲਗਭਗ 4000 ਪੁਰਾਤਨ/ਜੜੀ ਬੂਟੀਆਂ ਨਾਲ ਸੰਬੰਧਿਤ 70 ਕਿਸਮਾਂ ਦੇ ਪੌਦੇ ਲਗਾ ਕੇ ਮਿੰਨੀ ਜੰਗਲ ਤਿਆਰ ਕੀਤਾ ਗਿਆ ਹੈ। ਜਿਸ ਨੂੰ ਨਾਨਕ ਬਗੀਚੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ। .

## ਯੂਥ ਫੈਸਟੀਵਲ ਵਿੱਚ ਭਾਗ ਲੈਂਦੇ ਹੋਏ ਵਿਦਿਆਰਥੀ






ਮਜਦੂਰ ਦਿਵਸ


ਲੋਹੜੀ 2025


ਹਿੰਦੀ ਦਿਵਸ

# ਐਨ. ਐਸ. ਐਸ. ਕੈਂਪ














ਐਨ. ਐਸ. ਐਸ. ਕੈਂਪ ਦੀਆਂ ਝਲਕੀਆਂ

# ਸਾਲਾਨਾ ਖੇਡ ਮੇਲਾ














# 14 ਪੰਜਾਬ ਬਟਾਲੀਅਨ ਐਨ.ਸੀ.ਸੀ. ਨਾਭਾ ਦੁਆਰਾ ਕਾਲਜ ਵਿੱਚ ਐਨ.ਸੀ.ਸੀ. ਯੂਨਿਟ ਸਫ਼ਲਤਾਪੂਰਵਕ ਚੱਲ ਰਿਹਾ ਹੈ।
























## ਕਾਲਜ ਮੈਨੇਜ਼ਮੈਂਟ ਵੱਲੋਂ ਖਿਡਾਰੀਆਂ ਦਾ ਸਨਮਾਨ




## ਕਾਲਜ ਦੀਆਂ ਵਿਦਿਆਰਥਣਾਂ ਤੀਆਂ ਦਾ ਤਿਉਹਾਰ ਮਨਾਉਂਦੀਆਂ ਹੋਇਆਂ





ਮਹਿਲਾ ਦਿਵਸ



ਰੈੱਡ ਰਿਬਨ ਕਲੱਬ



ਵੋਟਰ ਦਿਵਸ



Water Day



ਕਮਰਸ ਵਿਭਾਗ ਦੇ ਵਿਦਿਆਰਥੀ
Industrial Visit ਦੌਰਾਨ




Environment Day



Plantation Day



# ਜਰੂਰੀ ਸੂਚਨਾਵਾਂ

1. ਵਿਦਿਆਰਥੀ ਨੰਬਰ ਕਾਰਡ ਜਾਰੀ ਹੋਣ ਦੀ ਮਿਤੀ ਤੋਂ 3 ਮਹੀਨੇ ਦੇ ਅੰਦਰ-ਅੰਦਰ ਆਪਣੀ ਕੁਰੈਕਸ਼ਨ ਕਾਲਜ ਵਿੱਚੋਂ ਕਰਵਾ ਸਕਦਾ ਹੈ। ਇਸ ਦੀ ਜ਼ਿੰਮੇਵਾਰੀ ਕਾਲਜ ਦੀ ਹੋਵੇਗੀ। ਜੇਕਰ ਵਿਦਿਆਰਥੀ 3 ਮਹੀਨੇ ਤੋਂ ਬਾਅਦ ਨੰਬਰ ਕਾਰਡ ਲੈ ਕੇ ਜਾਵੇਗਾ ਤਾਂ ਗਲਤੀ/ਤਰੁੱਟੀ ਜ਼ਿੰਮੇਵਾਰੀ ਉਸਦੀ ਆਪਣੀ ਹੋਵੇਗੀ।
2. ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੇ ਸਕੂਲ ਬੋਰਡਾਂ ਦੀ ਵੈਰੀਫਿਕੇਸ਼ਨ ਲਈ ਅਸਲ ਸਰਟੀਫਿਕੇਟ ਦੇਣ ਦੀ ਲੋੜ ਨਹੀਂ।
3. CBSE ਬੋਰਡ ਜਾਂ ਕੋਈ ਹੋਰ ਸਟੇਟਾਂ ਦੀ ਬੋਰਡਾਂ ਦੀ ਵੈਰੀਫਿਕੇਸ਼ਨ ਲਈ ਅਸਲ ਸਰਟੀਫਿਕੇਟ ਦੇ ਨਾਲ ਮਾਈਗਰੇਸ਼ਨ ਸਰਟੀਫਿਕਟ ਦੇਣਾ ਲਾਜ਼ਮੀ ਹੋਵੇਗਾ।
4. ਜੇਕਰ ਵਿਦਿਆਰਥੀ ਦਾ ਰਿਜ਼ਲਟ RLF, RLR, PR, AW, RLR Previous ਜਾਂ Lower ਆਉਂਦਾ ਹੈ।ਤਾਂ ਰਿਜ਼ਲਟ ਘੋਸ਼ਿਤ ਹੋਣ ਤੋਂ 7 ਦਿਨਾਂ ਦੇ ਅੰਦਰ ਕਾਲਜ ਨੂੰ ਸੂਚਨਾ ਦੇਵੇ। ਇਸ ਤੋਂ ਬਾਅਦ ਯੂਨੀਵਰਸਿਟੀ ਨਿਯਮਾਂ ਅਨੁਸਾਰ ਬਣਦਾ ਜ਼ੁਰਮਾਨਾ ਭਰ ਕੇ ਹੀ ਆਪਣਾ ਨਤੀਜਾ ਘੋਸ਼ਿਤ ਕਰਵਾ ਸਕਦਾ ਹੈ।
5. ਜੇ ਕਿਸੇ ਵਿਦਿਆਰਥੀ ਦੇ ਸਾਰੇ ਸਮੈਸਟਰ ਪਾਸ ਹਨ। ਰੀ-ਅਪੀਅਰ ਨਹੀ ਆਈ ਜੇ ਫਿਰ ਵੀ ਡਿਗਰੀ ਰੁਕਦੀ ਹੈ ਤਾਂ ਤੁਰੰਤ ਦਫ਼ਤਰ ਨੂੰ ਸੂਚਿਤ ਕਰੋ।
6. ਜੇਕਰ ਕਿਸੇ ਵਿਦਿਆਰਥੀ ਦੇ ਛੇਵਾਂ ਸਮੈਸਟਰ ਜਾਂ ਚੌਥਾ ਸਮੈਸਟਰ ਦੌਰਾਨ ਰੀ-ਅਪੀਅਰ ਆਉਂਦੀ ਹੈ ਤਾਂ ਉਸਦੀ ਡਿਗਰੀ ਕਾਲਜ ਨਹੀ ਆਵੇਗੀ। ਯੂਨੀਵਰਸਿਟੀ ਵੱਲੋਂ ਰੀ-ਅਪੀਅਰ ਕਲੀਅਰ ਹੋਣ ਤੱਕ ਰੁਕੀ ਰਹੇਗੀ।
7. ਡਿਗਰੀ ਲਈ EVS ਅਤੇ Drug Abuse ਦਾ ਵਿਸ਼ਾ ਕੁਆਲੀਫਾਈਡ ਦੇਣਾ ਲਾਜ਼ਮੀ ਹੈ। ਇਹ ਵਿਸ਼ੇ ਪਾਸ ਨਾ ਹੋਣ ਤੇ ਡਿਗਰੀ ਯੂਨੀਵਰਸਿਟੀ ਵੱਲੋਂ ਰੋਕ ਲਈ ਜਾਵੇਗੀ।
8. ਜੇ ਕਿਸੇ ਵਿਦਿਆਰਥੀ ਨੂੰ ਰੀ-ਅਪੀਅਰ ਦੀ DMC ਜਾਂ ਰੁਕੀ ਹੋਈ ਡਿਗਰੀ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਕਾਲਜ ਵੱਲੋਂ ਡਿਗਰੀ/ਨੰਬਰ ਕਾਰਡ ਦਸਤੀ ਦੇਣ ਬਾਰੇ ਅਥਾਰਟੀ ਲੈਟਰ ਦਿੱਤਾ ਜਾਵੇਗਾ।
9. ਐਮ.ਐਸ.ਸੀ. ਆਈ.ਟੀ. ਲਿਟਰਲ ਐਂਟਰੀ ਦੇ ਵਿਦਿਆਰਥੀ ਪ੍ਰੀਖਿਆ ਫਾਰਮ ਵਿੱਚ ਆਪਣੇ ਡੈਫੀਸ਼ੈਂਟ ਪੇਪਰ ਯੂਨੀ. ਤੋਂ ਕਨਫਰਮ ਕਰਕੇ ਖੁਦ ਭਰਨ ਦੇ ਜ਼ਿਮੇਵਾਰ ਹੋਣਗੇ।
10. ਕਾਲਜ ਵਿਦਿਆਰਥੀਆਂ ਦੇ ਨਤੀਜਾ ਕਾਰਡ (ਡੀ.ਐਮ.ਸੀ.) ਤਿੰਨ ਮਹੀਨੇ ਤੱਕ ਸੰਭਾਲ ਕੇ ਰੱਖਣ ਦਾ ਜਿਮੇਵਾਰ ਹੋਵੇਗਾ ਤਿੰਨ ਮਹੀਨੇ ਦੇ ਅੰਦਰ-ਅੰਦਰ ਜੇਕਰ ਵਿਦਿਆਰਥੀ ਨਤੀਜਾ ਕਾਰਡ ਨਹੀਂ ਲੈਣ ਆਉਂਦਾ ਤਾਂ ਕਾਲਜ ਦੀ ਕੋਈ ਜਿਮੇਵਾਰੀ ਨਹੀ ਹੋਵੇਗੀ।
11. ਜੇਕਰ ਕਿਸੇ ਵਿਦਿਆਰਥੀ ਦੇ ਸਰਟੀਫਿਕੇਟ/ਡਿਗਰੀ ਵਿੱਚ ਕੋਈ ਗਲਤੀ ਹੈ ਤਾਂ ਇਹ 3 ਮਹੀਨਿਆਂ ਦੇ ਅੰਦਰ-ਅੰਦਰ ਠੀਕ ਕਰਵਾ ਸਕਦਾ ਹੈ ਉਸਤੋਂ ਬਾਅਦ ਵਿਦਿਆਰਥੀ ਖੁਦ ਜਿਮੇਵਾਰ ਹੋਵੇਗਾ ਅਤੇ ਲੇਟ ਫੀਸ ਭਰੇਗਾ।
12. ਪ੍ਰੀਖਿਆ ਫੀਸ ਆਖਰੀ ਮਿਤੀ ਤੋਂ 3 ਦਿਨ ਪਹਿਲਾ ਭਰੇਗਾ ਆਖਰੀ ਦਿਨ ਪ੍ਰੀਖਿਆ ਫਾਰਮ ਨਹੀ ਲਿਆ ਜਾਵੇਗਾ। ਨਿਸ਼ਚਿਤ ਸ਼ਡਿਊਲ ਅਨੁਸਾਰ ਲੇਟ ਫੀਸ ਲੱਗੇਗੀ।

## ਸਰਕਾਰੀ ਅਤੇ ਪ੍ਰਾਇਵੇਟ ਲਗਭਗ 35 ਸਕੂਲਾਂ ਦੇ ਜ਼ੋਨ ਲੇਵਲ ਖੇਡ ਮੁਕਾਬਲੇ ਕਾਲਜ ਵਿੱਚ ਕਰਵਾਏ ਗਏ।





# ਜਸਮੇਰ ਸਿੰਘ ਜੇਜੀ ਕਾਲਜ

## ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ

### ਪੰਜਾਬ ਸਟੇਟ ਓਪਨ ਯੂਨੀਵਰਸਿਟੀ ਤੋਂ

**ਘਰ ਬੈਠੇ ਡਿਗਰੀ ਪੂਰੀ ਕਰਨ ਦਾ ਸੁਨਹਿਰੀ ਮੌਕਾ**

ਨੋਟ : ਇਹ ਕੋਰਸ ਰੈਗੂਲਰ ਪੜ੍ਹਾਈ ਕਰਨ ਵਾਲੇ ਵਿਦਿਆਰਥੀ ਵੀ ਕਰ ਸਕਦੇ ਹਨ। ਸਰਕਾਰੀ/ਪ੍ਰਾਇਵੇਟ ਮੁਲਾਜ਼ਮ ਵੀ ਇਹ ਕੋਰਸ ਕਰ ਸਕਦੇ ਹਨ।

**ਬੀ.ਏ. (ਆਰਟਸ) | ਐਮ.ਏ. ਇੰਗਲਿਸ਼ | ਐਮ.ਏ. ਪੰਜਾਬੀ**

**ਪੰਜਾਬ ਸਰਕਾਰ ਦੀ ਸਰਕਾਰੀ ਯੂਨੀ. ਤੋਂ ਓਪਨ ਰਾਹੀ 6 ਮਹੀਨੇ ਅਤੇ 1 ਸਾਲ ਦੇ ਕੋਰਸ ਕਰੋ।**

1) ਸਰਟੀਫਿਕੇਟ/ਡਿਪਲੋਮਾ ਕੰਪਿਊਟਰ ਐਪਲੀਕੇਸ਼ਨ।
2) ਸਰਟੀਫਿਕੇਟ/ਡਿਪਲੋਮਾ ਡਿਜ਼ੀਟਲ ਮਾਰਕੀਟਿੰਗ।
3) ਸਰਟੀਫਿਕੇਟ ਡਿਪਲੋਮਾ GST ਫਿਲਿੰਗ ਅਤੇ ਪ੍ਰੈਕਟਿਸ।
4) ਸਰਟੀਫਿਕੇਟ/ਡਿਪਲੋਮਾ ਫੈਸ਼ਨ ਡਿਜ਼ਾਇਨਿੰਗ।

**ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ 11ਵੀਂ ਅਤੇ 12ਵੀਂ ਕਾਮਰਸ ਅਤੇ ਆਰਟਸ ਦੀਆਂ ਕਲਾਸਾਂ ਚੱਲ ਰਹੀਆਂ ਹਨ।**